ਦੇਸ਼ ਭਗਤ ਯਾਦਗਾਰ ਕਮੇਟੀ

ਵੱਲੋਂ

ਭਾਈ ਸੰਤੋਖ ਸਿੰਘ ਬਾਨੀ ਸੰਪਾਦਕ 'ਕਿਰਤੀ' ਵਿਚਾਰ ਲੜੀ

ਤਹਿਤ

# ਵਿਚਾਰ-ਚਰਚਾ

## ਵਿਸ਼ਾ: ਸਿੱਖ ਲਹਿਰ ਦੇ ਸਮਾਜਕ , ਆਰਥਕ ਸਰੋਕਾਰਾਂ ਦਾ ਅਜੋਕੇ ਸੰਦਰਭ ਵਿਚ ਮਹੱਤਵ

ਚਰਚਾ ਦਾ ਆਰੰਭ:

## ਡਾ. ਕਰਮਜੀਤ ਸਿੰਘ

(ਪ੍ਰੋਫੈਸਰ, ਪੰਜਾਬੀ ਵਿਭਾਗ ਕੁਰੂਕਸ਼ੇਤਰ ਯੂਨੀਵਰਸਿਟੀ)

**ਮਿਤੀ: 5 ਮਈ, 2007 (11 ਵਜੇ ਸਵੇਰੇ)**

**ਸਥਾਨ: ਦੇਸ਼ ਭਗਤ ਯਾਦਗਾਰ ਹਾਲ, ਜਲੰਧਰ**

ਇਸ ਵਿਚਾਰ-ਚਰਚਾ ਵਿਚ ਪੰਜਾਬ ਦੇ ਹੋਰ ਵੀ ਪ੍ਰਸਿੱਧ ਵਿਦਵਾਨ/ਲੇਖਕ ਸ਼ਿਰਕਤ ਕਰਨਗੇ। ਆਪ ਜੀ ਨੂੰ ਵੀ ਹਾਰਦਿਕ ਸੱਦਾ ਹੈ।

ਵੱਲੋਂ

| | |
|---|---|
| ਭਗਤ ਸਿੰਘ ਬਿਲਗਾ | ਗੰਧਰਵ ਸੇਨ ਕੋਛੜ |
| ਪ੍ਰਧਾਨ | ਜਨਰਲ ਸਕੱਤਰ |

## ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ

ਫ਼ੋਨ ਤੇ ਫੈਕਸ: 0181-2458224

www.ghadarmemorial.net

PTO

To

ਡਾ. ਸਤਪਾਲ ਡਾਂਗ
ਟੇਲਰ ਰੋਡ, ਛੇਹਰਟਾ
ਅੰਮ੍ਰਿਤਸਰ।

Desh Bhagat Yadgar Committee.

BOOK-POST




Rcd. on 28/4/2007

Already written to
communicating my
views about the Karl ~~Ba~~ Marx
Day ~~Ba~~ being observed in a
manner — which does not make
even a reference to Marx.

SPD
28/4/2007

(2)

Desh Bhagat Yadgar Committee File

Recd on 11/7/2007

(1)

3

Letter Received

File

1126, Sector 71,
Mohali,
(Pb)
PIN — 160071
July 10, 2007.

Dear Comrade Dang,

I am writing this letter particularly in connection with the meeting of the Desh Bhagat Yadgar Committee on 14th July. I am aware of the talks that comrade Naunihal Singh (and later Com. Parla) had with you on this subject. This letter is only by way of some additional impression that I have had particularly after a meeting with Lyallpuri.

This meeting at our house here was at his initiative. Since he had asked for it, I could not say "no" to him. The gist of his talk and argument was:

1) Com. Gandharv Sen has committed a mistake in resigning and then going to the Press. I have told him so. But in the matter of accepting his resignation, it should not be accepted. He should not be "humiliated" by asking him to express regret etc.

2) I (i.e. Lyallpuri) am only interested in unifying the committee. Even if ~~the~~ Bilga and Gandharv Sen have to go they should be given an honourable send off.

~~3~~ Since he had come to me after meeting Gandharv Sen I asked him whether he had secured

his consent for expressing regret and for withdrawing resignation. Lyallpuri said that "I have been able to persuade him to attend the meeting of 14th." He has given no commitment on regret etc.

Obviously Lyallpuri failed in securing any commitment from him about his expressing regret or even making a statement of withdrawing the resignation. I pinned him down on this and he kept on saying that he should not be humiliated.

I made the following points sharply:

Gandharv Sen has damaged the DBYC by giving pressmen the impression that he was resigning for "ਬਹੁਤ ਕੁਝ ਗ਼ਲਤ ਹੋ ਰਿਹਾ ਹੈ" i.e. "A lot of undesirable things are happening at the DBYC". If there in fact are undesirable thing happening these (I said) should be investigated. I even suggested to him (Lyallpuri) that "you investigate". To this he said that these things like drinking are minor matters, though he opposed such an undesirable activity taking place within the premises of the DBYC. He did not seem in investigating.

seminar on

He also raised the question of Sikhism and Marxism.

I need not repete here the content of our conversation on this point. You are aware of this controversy. I said, along with other things, that Darbara Singh (Advocate) who also holds the post of Vice-President, had led a delegation of 5 members of the Committee to Gandharv Sen and had offered to cancel the Seminar if he (Gandharv Sen) agreed to withdraw his resignation. He refused point blank. Darbara Singh reported this to the Committee meeting after the Seminar. This was the same meeting where both of you were present. Of course, Darbara Singh had no right to offer cancellation of the Seminar.

Because Lyallpuri insisted on preparing a draft which should enable reconciliation and withdrawal of Gandharv Sen's resignation, I, there and then jotted down a three paragraph draft to be signed by Gandharv Sen. (This draft, as Lyallpuri told me on the phone later, was amended (or changed) and I do not know its fate. But till yesterday it had not been conveyed to Gandharv Sen.)

My draft contained the following:

6

(4

"In connection with my resignation the reports published in the Press ... have damaged the DBYC ...

" Reports about Seminar on Sikhism & Marxism have been negative. Though I was not in favour of this seminar, it was my remarks to the Press which our opponents used to damage the DBYC.

" I wish to withdraw my resignation ....."

This, rather harmless draft, Mr. Lyallpuri is unable to get through. Meanwhile both he, Balwant Singh (of CPI(M)) and Darbara Singh are doing everything in their power (and resorting to lies, distortions and mud-slinging) to achieve their objective.

I am all for a fight to the finish and for a complete defeat of the unscrupulous combine.

I just wanted to update my story in writing. We shall now meet on the 14th. Lyallpuri's group (i.e. Darbara Singh, Com. Karnail Singh of Phillaur) will go to Gadhar Sen on 11th. If I get some more news I shall phone you.

Please convey our regards to Vimla Ji

With best wishes
yours sincerely
Prem Singh

P.S. I made it quite clear to Lyallpuri that I was speaking (or offering to draft etc) for myself only. I can not keep aloof & have no right to speak for other members of the Committee.

**Satyapal Dang**

Tel : 0183 - 258631

EKTA BHAWAN,
Chheharta - 143105.
Distt : Amritsar (Pb).

Dated 27/7/2007

To:
The General Secretary,
Desh Bhagat Yadgar Committee,
G.T. Road, Chheharta (ASR)
Pin 143105

Dear Comrade,

I have received the agenda for the meeting on 5-5-2007. As is well known, 5th May is Marx day. I think that on this day any meeting of the Desh Bhagat Committee's auspices (or a seminar, should have been related to Karl Marx. Even though the D.B.Y.C. is not a Left but a broader organisation, the topic on Seminar on 5.5.2007 should have had some relevance to Marx.

If it was necessary to have ~~the~~ a topic relating to Sikhism on this day itself it ~~should~~ could have been: "Marxist view of Sikhism." The ~~topic~~ decided by you ~~relation~~ is important but I think it could be held on some other day. If it was felt that contribution of Sikhism must be discussed 5.7.2007, the topic could have been Marxist view of Sikhism.

Having a function on ~~May~~ Marx Day ~~and~~ without any reference to Marx on the Marx ~~day~~, I think is sad & not in accordance with the traditions of the D.B.Y.C.

This is only to record my opinion.

I would love to ~~prop~~ participate in the proposed Seminar relating to teachings (& practices) of Sikhism. Unfortunately, it may not prove possible for me for unavoidable reasons. Most likely I ~~can~~ will be away to Ludhiana etc. If ~~so~~ may not find it possible I may be excused.

With greetings & Best Wishes.
Sincerely,
Satyapal Dang.

o/c

ਫੋਨ ਤੇ ਫੈਕਸ : 2458224
ਈ-ਮੇਲ: dbyc@ghadarmemorial.net

10

# ਦੇਸ਼ ਭਗਤ ਯਾਦਗਾਰ ਕਮੇਟੀ

ਜੀ.ਟੀ.ਰੋਡ, ਜਲੰਧਰ।

ਮਿਤੀ: 30-05-07

ਮਾਨਯੋਗ ਸੰਪਾਦਕ ਜੀ,

28 ਮਈ ਦੇ ਤੁਹਾਡੇ ਅਖ਼ਬਾਰ ਵਿਚ ਜਲੰਧਰ ਤੋਂ ਲੱਗੀ ਹੋਈ ਰਿਪੋਰਟ ਦੇਸ਼ ਭਗਤ ਯਾਦਗਾਰ ਕਮੇਟੀ ਦੀ ਸਥਿਤੀ ਨੂੰ ਡਾਢੇ ਗਲਤ ਰੰਗ ਵਿਚ ਪੇਸ਼ ਕਰਦੀ ਹੈ। ਅਸੀਂ ਸਮਝਦੇ ਹਾਂ ਕਿ ਇਕ ਹੱਦ ਤਕ ਤੁਹਾਡੇ ਅਖ਼ਬਾਰ ਦੇ ਆਸ਼ੇ ਵੀ ਉਹ ਹੀ ਹਨ ਜਿਨ੍ਹਾਂ ਲਈ ਸਾਡੀ ਕਮੇਟੀ ਕੰਮ ਕਰਦੀ ਆ ਰਹੀ ਹੈ। ਘੱਟੋ-ਘੱਟ ਦੋਹਾਂ ਅਦਾਰਿਆ ਦੇ ਟੀਚਿਆਂ ਵਿੱਚ ਸਾਨੂੰ ਕੋਈ ਵਿਰੋਧ ਨਜ਼ਰ ਨਹੀਂ ਆਉਂਦਾ।

ਪਰ ਤੁਹਾਡੀ ਇਸ ਰਿਪੋਰਟ ਤੋ ਜ਼ਾਹਿਰ ਹੈ ਕਿ ਤੁਸੀਂ ਇਨਾਂ ਨਿਸ਼ਾਨਿਆਂ ਦੀ ਸਮਾਨਤਾ ਵਿਚ ਵਿਸ਼ਵਾਸ ਨਹੀਂ ਰਖਦੇ। ਦੇਸ਼ ਭਗਤ ਯਾਦਗਾਰ ਕਮੇਟੀ ਵਿਚ ਕਬਜ਼ੇ ਦੀ ਕੋਈ ਲੜਾਈ ਨਹੀਂ ਚਲ ਰਹੀ। ਤੁਹਾਡਾ ਪੱਤਰਕਾਰ ਇਹ ਤਾਂ ਸਹਿਜੇ ਹੀ ਕਰ ਸਕਦਾ ਸੀ ਕਿ ਕਮੇਟੀ ਮੈਂਬਰਾਂ ਨਾਲ ਸੰਪਰਕ ਕਰਕੇ ਉਨਾਂ ਦੀ ਰਾਏ ਜਾਣਨ ਦਾ ਯਤਨ ਕਰਦਾ। ਅਜਿਹਾ ਉਸ ਨੇ ਕਿਉਂ ਨਹੀਂ ਕੀਤਾ, ਇਸ ਦਾ ਫੈਸਲਾ ਕਰਨਾ ਤੁਹਾਡੇ ਹੱਥ ਹੈ।

ਅਜਿਹੀ ਰਿਪੋਰਟ ਕਮੇਟੀ ਦੀ ਸਥਿਤੀ ਨੂੰ ਡਾਢੇ ਗਲਤ ਰੰਗ ਨਾਲ ਪੇਸ਼ ਕਰਦੀ ਹੈ।

ਪਰ ਇਹ ਗੱਲ ਵੀ ਪਹਿਲੀ ਵਾਰ ਨਹੀਂ ਹੋ ਰਹੀ। 6 ਮਈ ਦੇ ਤੁਹਾਡੇ ਅਖ਼ਬਾਰ ਵਿੱਚ ਵੀ ਇਸ ਪੱਤਰਕਾਰ ਵੱਲੋਂ **"ਕਮੇਟੀ ਵਿੱਚ ਸੰਕਟ ਹੋਰ ਡੂੰਘਾ"** ਹੋਣ ਦੀ ਸੁਰਖੀ ਲਈ ਗਈ ਸੀ ਜੋਕਿ ਹਾਲਾਤ ਨੂੰ ਵਿਗਾੜ ਕੇ ਪੇਸ਼ ਕਰਦੀ ਸੀ।

ਇਹ ਬਹੁਤ ਚੰਗਾ ਹੋਵੇ ਜੇ ਤੁਹਾਡਾ ਪੱਤਰਕਾਰ ਕਮੇਟੀ ਤੋਂ ਉਸ ਦਾ ਅਧਿਕਾਰਤ ਬਿਆਨ ਪ੍ਰਾਪਤ ਕਰੇ। ਜੇ ਉਸ ਨੂੰ ਸੰਕਟ ਦੀ ਕਨਸੋਅ ਮਿਲੀ ਹੈ ਤਦ ਵੀ ਉਹ ਇਸ ਦੀ ਨੌਈਅਤ ਬਾਰੇ ਆਪਣੇ ਸੋਮਿਆਂ ਤੋਂ ਵਿਸਥਾਰ ਪ੍ਰਾਪਤ ਕਰਕੇ ਲਿਖ ਸਕਦਾ ਹੈ।

ਜਿਸ ਤਰ੍ਹਾਂ ਇਹ ਖਬਰਾਂ ਲਾਈਆ ਗਈਆਂ ਹਨ, ਇਨਾਂ ਨਾਲ ਦੇਸ਼ ਭਗਤ ਯਾਦਗਾਰ ਦੇ ਵੱਕਾਰ ਨੂੰ ਡਾਢੀ ਸੱਟ ਵਜੀ ਹੈ।

ਆਸ ਹੈ ਆਪ ਇਸ ਸਾਰੀ ਸਥਿਤੀ ਉਤੇ ਵਿਚਾਰ ਕਰੋਗੇ ਅਤੇ ਸਹੀ ਤਸਵੀਰ ਪੇਸ਼ ਕਰਨ ਦਾ ਯਤਨ ਕਰੋਗੇ।

ਆਪਦਾ ਵਿਸ਼ਵਾਸਪਾਤਰ

C.C. to Com. Balwant Singh
Member
M/s Des Sewak Association

Raghbir Singh Chr
Treasurer

Naunihal Singh

ਨੌਨਿਹਾਲ ਸਿੰਘ
ਅਸਿਸਟੇਟ ਸੈਕਟਰੀ

File Desh Bhagat Yadgar Committee 9

# ਸਿੱਖ ਲਹਿਰ ਦੇ ਸਮਾਜਕ-ਆਰਥਕ ਸਰੋਕਾਰਾਂ ਦਾ ਅਜੋਕੇ ਸੰਦਰਭ ਵਿਚ ਮਹੱਤਵ

**ਡਾ. ਕਰਮਜੀਤ ਸਿੰਘ**

ਆਪਣੀ ਗੱਲ ਆਰੰਭ ਕਰਨ ਤੋਂ ਪਹਿਲਾਂ ਮੈਂ ਕੁਝ ਤੱਥਾਂ ਵੱਲ ਧਿਆਨ ਦੇਣਾ ਜ਼ਰੂਰੀ ਸਮਝਦਾ ਹਾਂ। ਪੰਜਾਬੀ ਵਿਚ ਪ੍ਰਗਤੀਵਾਦੀ ਲਹਿਰ ਦੇ ਚੜ੍ਹਾਅ ਦੇ ਦੌਰਾਨ, ਵੀਹਵੀਂ ਸਦੀ ਦੇ ਸੱਠਵਿਆਂ ਤੇ ਸੱਤਰਵਿਆਂ ਵਿਚ, ਸਿੱਖ ਲਹਿਰ ਤੇ ਗੁਰਬਾਣੀ ਬਾਰੇ ਭਖਵੀਂ ਚਰਚਾ ਹੁੰਦੀ ਰਹੀ। ਇਸ ਭਖਵੀਂ ਚਰਚਾ ਦਾ ਕਾਰਣ ਮਾਰਕਸਵਾਦੀ ਬੁੱਧੀਜੀਵੀਆਂ ਦਾ ਦੋ ਖੇਮਿਆਂ ਵਿਚ ਵੱਟ ਜਾਣਾ ਸੀ। ਇਕ ਖੇਮੇ ਦੀ ਅਗਵਾਈ ਸੰਤ ਸਿੰਘ ਸੇਖੋਂ ਕਰ ਰਿਹਾ ਸੀ ਤਾਂ ਦੂਜੀ ਧਿਰ ਕਿਸ਼ਨ ਸਿੰਘ ਦੀ ਅਗਵਾਈ ਵਿਚ ਉੱਗਰ ਰੂਪ ਧਾਰਣ ਕਰ ਰਹੀ ਸੀ। ਅਜਿਹਾ ਤਾਂ ਨਹੀਂ ਕਿ ਸੇਖੋਂ-ਕਿਸ਼ਨ ਸਿੰਘ ਤੋਂ ਬਾਦ ਇਹ ਚਰਚਾ ਸਮਾਪਤ ਹੋ ਗਈ ਹੈ। ਸਗੋਂ ਰਵਿੰਦਰ ਰਵੀ 'ਸੇਧ' ਨੂੰ ਚਲਾਉਣ ਦਾ ਵੀ ਯਤਨ ਕਰਦਾ ਹੈ। ਕੇਸਰ ਸਿੰਘ ਕੇਸਰ ਤੇ ਦੀਦਾਰ ਸਿੰਘ, ਸੇਖੋਂ ਦੇ ਵਿਚਾਰਾਂ ਨੂੰ ਮੌਖਿਕ ਰੂਪ ਵਿਚ ਅੱਗੇ ਤੋਰਦੇ ਹਨ। ਗੁਰਮੀਤ ਸਿੰਘ ਟਿਵਾਣਾ ਦੀ ਪੁਸਤਕ **ਧਰਮ ਬਨਾਮ ਮਾਰਕਸਵਾਦ** (2004) ਕਿਸ਼ਨ ਸਿੰਘ ਦੀ ਵਿਚਾਰਧਾਰਾ ਨੂੰ ਅਗਾਂਹ ਤੋਰਦੀ ਹੈ। ਮੈਂ ਆਪ ਇਸ ਸਾਰੀ ਬਹਿਸ ਦਾ ਸਰੋਤਾ ਰਿਹਾ ਹਾਂ ਇਸ ਲਈ ਕੋਸ਼ਿਸ਼ ਕਰਾਂਗਾ ਕਿ ਬਾਹਰਮੁਖੀ ਹੋ ਕੇ ਦੋਨਾਂ ਦਾ ਵਿਸ਼ਲੇਸ਼ਣ ਕਰਕੇ ਕਿਸੇ ਸਹੀ ਨਤੀਜੇ ਉੱਪਰ ਪਹੁੰਚਿਆ ਜਾ ਸਕੇ। ਇਹ ਵੀ ਤੱਥ ਹੈ ਕਿ ਜਿੱਥੇ ਭਾਰਤੀ ਇਤਿਹਾਸ ਨੂੰ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਘੋਖਣ ਵਾਲੇ ਵਿਦਵਾਨ ਸਾਹਮਣੇ ਆਏ ਅਤੇ ਉਨ੍ਹਾਂ ਨੇ ਸੰਪਰਦਾਇਕ ਲੋਕਾਂ ਦਾ ਗੁੱਸਾ ਵੀ ਝੱਲਿਆਂ ਜੋ ਅੱਜ ਵੀ ਝੱਲ ਰਹੇ ਹਨ, ਉੱਥੇ ਪੰਜਾਬ ਦੇ ਇਤਿਹਾਸ ਨੂੰ ਇਸ ਦ੍ਰਿਸ਼ਟੀ ਤੋਂ ਵਾਚਣ ਵਾਲਾ ਇਕ ਵੀ ਇਤਿਹਾਸਕਾਰ ਮੌਜੂਦ ਨਹੀਂ। ਲਾ ਪਾ ਕੇ ਅਕਾਦਮਿਕ ਖੇਤਰ ਉੱਪਰ ਹੀ ਨਿਰਭਰ ਹੋਣਾ ਪੈਂਦਾ ਹੈ। ਇਸ ਪਾਸੇ ਇਕੋ ਇਕ ਲੇਖ 'ਗੁਰੂ ਨਾਨਕ ਤੇ ਉਨ੍ਹਾਂ ਦਾ ਸਮਾਂ' (ਕ.ਜ਼.ਅਸ਼ਰਾਫਿਆਨ) ਹੀ ਮਹੱਤਵਪੂਰਣ ਹੈ।

ਕਿਸ਼ਨ ਸਿੰਘ ਇਸ ਗੱਲੋਂ ਸਪੱਸ਼ਟ ਹੈ ਕਿ "ਮਜ਼ਬ ਹਮੇਸ਼ਾ ਜਮਾਤੀ ਹਿੱਤ ਪ੍ਰਗਟ ਕਰਦਾ ਹੈ, ਉਸ ਦਾ ਹੀ ਰੈਸ਼ਨੇਲ ਹੁੰਦਾ ਹੈ। ਜਦੋਂ ਪ੍ਰਚਲਿਤ ਕੀਮਤਾਂ ਦੇ ਖਿਲਾਫ਼ ਨਵਾਂ ਮਜ਼ਬ ਉੱਠਦਾ ਹੈ ਉਹ ਕਾਇਮ ਜਮਾਤ ਦੇ ਖਿਲਾਫ਼ ਕਿਸੇ ਉੱਠਦੀ ਜਮਾਤ ਦਾ ਹਿੱਤ, ਉਸਦਾ ਰੈਸ਼ਨੇਲ ਹੁੰਦਾ ਹੈ ਅਤੇ ਉਸਦੇ ਪਿੱਛੇ ਉਸਦੀ ਉੱਠਦੀ ਜਮਾਤ ਹੁੰਦੀ ਹੈ।"[1] ਕਿਸ਼ਨ ਸਿੰਘ ਸਪੱਸ਼ਟ ਹੈ ਕਿ ਉੱਠਦੀ ਧਾਰਮਿਕ ਲਹਿਰ ਅਗਾਂਹਵਧੂ ਹੁੰਦੀ ਹੈ, ਕਿਸੇ ਜਮਾਤ ਦੀ ਪ੍ਰਤੀਨਿਧਤਾ ਕਰਦੀ ਹੈ ਤੇ ਉਹ ਕਿਸੇ ਪਹਿਲੀ ਜਮਾਤ ਦੀ ਵਿਰੋਧੀ ਵੀ ਹੁੰਦੀ ਹੈ। ਸਿੱਖ ਧਰਮ ਦਾ ਸਮਾਂ ਜਗੀਰਦਾਰੀ ਦਾ ਸਮਾਂ ਹੈ ਇਸ ਵਿਚੋਂ ਬੁਰਜੁਆਜ਼ੀ ਨੇ ਪੈਦਾ ਹੋ ਕੇ ਜਗੀਰਦਾਰੀ ਨੂੰ ਢਹਿ ਢੇਰੀ ਕਰਨਾ ਹੈ। ਪਰੰਤੂ ਵਪਾਰੀ ਜਮਾਤ ਨੂੰ ਸਮੁੱਚੇ ਤੌਰ ਤੇ ਅੱਖੋਂ ਉਹਲੇ ਕਰਨਾ ਕਿਸ਼ਨ ਸਿੰਘ ਦੀ ਜਾਣੇ ਜਾਂ ਅਣਜਾਣੇ ਸਭ ਤੋਂ ਵੱਡੀ ਕੁਤਾਹੀ ਹੈ। ਇਸੇ ਲਈ ਉਹ ਸਿੱਧਾ ਜਗੀਰਦਾਰਾਂ ਵਿਰੁੱਧ, ਕਿਸਾਨਾਂ, ਕਾਰੀਗਰਾਂ ਦੀ ਜਮਾਤ ਤੱਕ ਪਹੁੰਚ ਜਾਂਦਾ ਹੈ। ਉਹ ਕਹਿੰਦਾ ਹੈ " ਸਿੱਖ ਲਹਿਰ ਕਿਸਾਨਾਂ, ਕਾਰੀਗਰਾਂ ਅਤੇ ਕਾਮਿਆਂ ਦੀ ਫਿਊਡਲ ਦੇ ਵਿਰੁੱਧ ਆਪਣੀ ਆਜ਼ਾਦੀ ਵਾਸਤੇ ਇਨਕਲਾਬੀ ਜੱਦੋ ਜਹਿਦ ਸੀ ਅਤੇ ਗੁਰਬਾਣੀ ਉਸ ਲਹਿਰ ਦੀ ਵਿਚਾਰਧਾਰਾ, ਮਜ਼ਹਬੀ ਰੂਪ ਵਿਚ ਮਨੁੱਖ ਦੀ ਸਰਬੱਤ ਦੀ ਆਜ਼ਾਦੀ ਦਾ ਸੱਚ।"[2]

ਮਾਰਕਸਵਾਦੀਆਂ ਵਾਸਤੇ ਬਾਹਰਮੁਖੀ ਵਿਸ਼ਲੇਸ਼ਣ ਦਾ ਬਹੁਤ ਵੱਡਾ ਮਹੱਤਵ ਹੈ। ਪੂਰਵ ਨਿਸ਼ਚਿਤ ਧਾਰਣਾਵਾਂ, ਦ੍ਰਿਸ਼ਟੀਕੋਣ ਨੂੰ ਵਿਗਾੜਕੇ ਵੀ ਰੱਖ ਸਕਦੀਆਂ ਹਨ। ਕਿਸ਼ਨ ਸਿੰਘ ਨਾਲ ਵੀ ਅਜਿਹਾ ਹੀ ਹੋਇਆ ਹੈ। ਉਸ ਨੇ ਤੈਅ ਕੀਤਾ ਕਿ ਮਾਰਕਸਵਾਦੀ ਨਜ਼ਰੀਏ ਤੋਂ ਗੁਰਬਾਣੀ ਦੀ ਵਿਆਖਿਆ ਕੀਤੀ ਜਾਵੇ। ਪਰ ਅਜਿਹਾ ਕਰਦਿਆਂ ਉਹ ਸਿੱਖ ਬਣ ਗਿਆ, ਜਿਸ ਨੂੰ ਗੁਰਬਾਣੀ ਮਾਰਕਸਵਾਦੀ ਵਿਚਾਰਧਾਰਾ ਦੇ ਬਰਾਬਰ ਤੋਂ ਵੀ ਅਗਾਂਹ ਦਿੱਸਣ ਲੱਗ ਪਈ। ਮਾਇਆ ਨੂੰ ਉਸ ਨੇ ਪੂੰਜੀ ਬਣਾ ਦਿੱਤਾ ਤੇ ਅਜਿਹੀਆਂ ਕਈ ਹੋਰ ਸਥਾਪਨਾਵਾਂ ਬਣਾ ਧਰੀਆਂ। ਇੱਥੇ ਇਕ ਸਥਾਪਨਾ ਦੇਖੀ ਜਾ ਸਕਦੀ ਹੈ ਜੋ ਸਪੱਸ਼ਟ ਹੋਣ ਦੀ ਬਜਾਇ ਘਚੋਲਾ ਪੈਦਾ ਕਰਦੀ ਹੈ। ਉਸ ਅਨੁਸਾਰ, "ਗੁਰਬਾਣੀ ਅਨੁਸਾਰ ਬਦੀ ਮਾਇਆ ਹੈ। ਮਾਇਆ ਸਮੁੰਦਰ ਦੀ ਧੀ ਲੱਛਮੀ ਹੈ, ਪੈਸਾ ਹੈ ਜਾਂ ਉਹ ਨਿਜ਼ਾਮ ਹੈ ਜਿਸ ਵਿਚ ਸਮਾਜਕ ਮਨੁੱਖੀ ਜ਼ਿੰਦਗੀ ਦਾ ਮਨੋਰਥ ਜਾਤੀ ਜਾਇਦਾਦ ਬਣਾਉਣਾ ਹੈ ਅਤੇ ਜਿਸ ਵਿਚ ਮਨੁੱਖ ਉਸ ਜਾਤੀ ਜਾਇਦਾਦ ਬਣਾਉਣ ਦਾ ਵਸੀਲਾ ਹੀ ਹੁੰਦਾ ਹੈ। ਜ਼ਾਹਿਰ ਹੈ ਕਿ ਗੁਰਬਾਣੀ ਅਨੁਸਾਰ ਬਦੀ ਜਾਂ ਮਾਇਆ ਕੋਈ ਨਾ ਸਮਝੀ ਜਾਣ ਵਾਲੀ ਜਾਂ ਕਾਬੂ ਵਿਚ ਨਾ ਆਉਣ ਵਾਲੀ ਚੀਜ਼ ਨਹੀਂ। ਮਾਇਆ (ਬਦੀ) ਸਮਾਜਕ ਪੈਦਾਵਾਰ ਹੈ। ਸਮਾਜ ਵਿਚ ਉਹ ਰੱਬ ਦੇ ਹੁਕਮ ( ਇਤਿਹਾਸਕ ਉਸਾਰੀ ਦੇ ਕਾਨੂੰਨ) ਦੇ ਅਧੀਨ ਪੈਦਾ ਹੋਈ ਹੈ ਅਤੇ ਉਸੇ ਕਾਨੂੰਨ

ਦੇ ਅਧੀਨ ਹੀ (ਰੱਬ ਦੇ ਹੁਕਮ ਅਧੀਨ ਹੀ) ਖ਼ਤਮ ਹੋ ਜਾਵੇਗੀ। ਇਹ ਇਕ ਸਮਾਜਕ ਪੈਦਾਵਾਰ ਹੈ, ਇਕ ਕਿਸਮ ਦਾ ਸਮਾਜਕ ਨਿਜ਼ਾਮ ਹੈ। ਸਮਾਜ ਦੀ ਇਤਿਹਾਸਕ ਉਸਾਰੀ ਦੀ ਕਿਸੇ ਸਟੇਜ ਉੱਤੇ ਖ਼ਾਸ ਹਾਲਾਤ ਦੇ ਪ੍ਰਸੰਗ ਵਿਚ ਮਨੁੱਖ ਦੀ ਹੀ ਕਰਨੀ ਰਾਹੀਂ, ਮਨੁੱਖ ਦੇ ਹੱਥੋਂ ਹੀ ਇਸ ਦੀ ਸਫ਼ ਵਲੇਟੀ ਜਾਵੇਗੀ।"(3) ਅਜਿਹੀਆਂ ਸਥਾਪਨਾਵਾਂ ਕਾਰਨ ਕਿਸ਼ਨ ਸਿੰਘ ਗੁਰਮਤਿ ਪ੍ਰਕਾਸ਼ ਵਿਚ ਛਪਦਾ ਰਿਹਾ ਤੇ ਧਾਰਮਿਕ ਵਿਆਕਤੀਆਂ ਨੇ ਇਹ ਧਾਰਣਾ ਬਣਾ ਲਈ ਕਿ ਜੇ ਗੁਰਬਾਣੀ ਮਾਰਕਸਵਾਦੀ ਸੱਚ ਦਾ ਪ੍ਰਗਟਾਵਾ ਹੈ ਤਾਂ ਫਿਰ ਮਾਰਕਸਵਾਦੀ ਹੋਣ ਦੀ ਕੀ ਲੋੜ ਹੈ। ਸਭ ਕੁਝ ਆਦਿ ਗ੍ਰੰਥ ਵਿਚ ਹੀ ਹੈ। ਇਉਂ ਅਦਾਨ-ਪ੍ਰਦਾਨ ਦੇ ਸਾਰੇ ਰਸਤੇ ਖ਼ਤਮ ਹੋ ਜਾਂਦੇ ਹਨ। ਆਪਣੀਆਂ ਲਿਖਤਾਂ ਵਿਚ ਕਿਸ਼ਨ ਸਿੰਘ ਬਾਰ ਬਾਰ ਇੰਨ੍ਹਾਂ ਧਾਰਨਾਵਾਂ ਨੂੰ ਦਹਰਾਉਂਦਾ ਹੋਇਆ ਹਿੰਦੂ-ਮੁਸਲਿਮ ਫਿਊਡਲ, ਇਨ੍ਹਾਂ ਦੇ ਵਿਚਾਰਧਾਰਕਾਂ--ਬ੍ਰਾਹਮਣ ਤੇ ਕਾਜ਼ੀ--ਦਾ ਜ਼ਿਕਰ ਕਰਦਾ ਹੈ। ਇਨ੍ਹਾਂ ਦੇ ਵਿਰੁੱਧ ਲੋਕ ਹਿੱਤ ਦੇ ਪੈਂਤੜੇ ਦੇ ਵਿਚਾਰਧਾਰਕਾਂ ਦਾ ਪੈਦਾ ਹੋਣਾ ਸੱਚ ਹੈ, ਪਰ ਇੰਨ੍ਹਾਂ ਵਿਚਾਰਧਾਰਕਾਂ ਦੀ ਜਮਾਤ ਬਾਰੇ ਚੁੱਪ ਸਾਧਣਾ ਸਰਾਸਰ ਗਲਤ ਸੀ।

ਕਿਸ਼ਨ ਸਿੰਘ ਦਾ ਪੈਰੋਕਾਰ ਗੁਰਮੀਤ ਸਿੰਘ ਟਿਵਾਣਾ ਤਾਂ ਮਾਰਕਸਵਾਦ ਦੀਆਂ ਰਾਜਨੀਤਕ ਤੇ ਸਿੱਖ ਧਰਮ ਦੀਆਂ ਰਹੱਸਵਾਦੀ ਹੱਦਾਂ ਹੀ ਤੋੜ ਦਿੰਦਾ ਹੈ ਅਤੇ ਇੰਨ੍ਹਾਂ ਦੀਆਂ ਰੂਹਾਂ ਨੂੰ ਇਕ ਸੁਰ ਕਰ ਦਿੰਦਾ ਹੈ। ਉਹ ਐਲਾਨ ਕਰਦਾ ਹੈ, "ਜੇ ਸਹੀ ਅਰਥਾਂ ਵਿਚ ਦੇਖਿਆ ਜਾਵੇ ਤਾਂ ਧਰਮ ਤੇ ਮਾਰਕਸਵਾਦ ਦੀ ਰੂਹ ਇਕੋ ਹੈ- ਜੇ ਰੂਹ ਦਾ ਅਰਥ ਅਧਿਭੌਤਿਕ ਗਿਆਨ ਦੇ ਅੰਗ ਵਜੋਂ ਨਹੀਂ ਲਏ ਜਾਂਦੇ। ਦੋਨੋਂ ਕਿਸੇ ਵੀ ਪ੍ਰਕਾਰ ਦੇ ਸ਼ੋਸ਼ਣ ਦੇ ਮੁੱਢੋਂ ਵੈਰੀ ਹਨ। ਦੋਨੋਂ ਹੀ ਮਨੁੱਖ ਨੂੰ ਇਸ ਧਰਤੀ ਤੇ ਕੁਦਰਤ ਦੀ ਸਭ ਤੋਂ ਵੱਡੀ ਕਿਰਤ ਸਮਝਦੇ ਹਨ, ਇਸ ਨੂੰ ਸਵੈਮਾਨ ਦਵਾਉਣ ਦੀ ਪ੍ਰਤਿੱਗਿਆ ਕਰਦੇ ਹਨ। ਦੋਵੇਂ ਹੀ ਪਰਉਪਕਾਰਤਾ, ਭਰਾਤਰੀਅਤਾ ਅਤੇ ਸਾਂਝੀਵਾਲਤਾ ਲਈ ਵਚਨਬੱਧ ਹਨ।"(5) ਮਾਰਕਸਵਾਦ ਦੀ ਨੀਂਹ ਦਵੰਦਵਾਦੀ ਭੌਤਿਕਵਾਦ ਹੈ। ਪਰ ਗੁਰਬਾਣੀ ਅਦਵੈਤਵਾਦੀ ਦਰਸ਼ਨ ਦੇ ਨੇੜੇ ਹੈ। ਨੀਂਹ ਵੱਖਰੀ ਹੋਣ, ਉਸਾਰੀ ਵੀ ਵੱਖਰੀ ਹੀ ਹੋਣੀ ਹੈ। ਮਾਰਕਸਵਾਦੀ ਦਰਸ਼ਨ ਅਤੇ ਗੁਰਬਾਣੀ ਦੋ ਵੱਖਰੀਆਂ ਵੱਖਰੀਆਂ ਵਿਸ਼ਵ ਦ੍ਰਿਸ਼ਟੀਆਂ ਰਾਹੀਂ ਸਮੁੱਚੇ ਵਰਤਾਰੇ ਨੂੰ ਦੇਖਦੇ ਹਨ। ਪਹੁੰਚਾਂ ਵੱਖ ਹਨ। ਪਰ ਗੁਰਮੀਤ ਸਿੰਘ ਟਿਵਾਣਾ ਨੂੰ ਸਮਾਜਵਾਦੀ ਲਹਿਰ ਇਕ ਸਦੀ ਪਿੱਛੇ ਪੈ ਗਈ ਜਾਪਦੀ ਹੈ। ਤਾਂ ਵੀ "ਧਰਮਾਂ ਦੀ ਅਸਲੀ ਆਤਮਾ ਨੂੰ ਪਛਾਣਦਿਆਂ ਮਨੁੱਖ ਮਾਤਰ ਦੇ ਰਾਜਸੀ ਤੇ ਸਿਧਾਂਤਕ ਤੌਰ ਤੇ ਸੁਚੇਤ ਕੀਤੇ ਜਾਣ ਅਤੇ ਲੋਕਾਈ ਦੇ ਇਸ ਹੜ੍ਹ ਅੰਦਰ ਆਪਣੇ ਬੁਨਿਆਦੀ ਹੱਕਾਂ ਖਾਤਰ ਜੂਝਣ ਲਈ ਲਾਮਬੰਦ ਹੋ ਸਕਣ ਦੀਆਂ ਸੰਭਾਵਨਾਵਾਂ ਮੌਜੂਦ ਹਨ।" (6) ਟਿਵਾਣਾ ਨੂੰ ਲੱਗਦਾ ਹੈ ਕਿ ਸਿੱਖ ਧਰਮ ਆਪਣੀ ਪੁਨਰ ਸੁਰਜੀਤੀ ਲਈ ਤਾਂਘ ਰਿਹਾ ਹੈ। (7) ਮਾਰਕਸਵਾਦੀ ਨਾਮ ਲੇਵਾ ਕਿਵੇਂ ਸਿੱਖੀ ਵਿਚ ਰੰਗੇ ਜਾਂਦੇ ਹਨ ਕਿ ਉਨ੍ਹਾਂ ਨੂੰ ਇਹ ਵੀ ਭੁੱਲ ਜਾਂਦਾ ਹੈ ਕਿ ਇਹ ਗੱਲਾਂ ਦੂਜੇ ਧਰਮਾਂ ਵਾਲੇ ਵੀ ਖ਼ੂਬ ਕਰ ਰਹੇ ਹਨ। ਉਨ੍ਹਾਂ ਵਿਚੋਂ ਅਤਿਵਾਦੀ ਪ੍ਰਵਿਰਤਿਆਂ ਵੀ ਪੈਦਾ ਹੁੰਦੀਆਂ ਹਨ। ਉਨ੍ਹਾਂ ਵਿਚ ਤੇ ਤੁਹਾਡੇ ਵਿਚ ਕੀ ਅੰਤਰ ਰਹਿ ਜਾਂਦਾ ਹੈ ?

ਮਜ਼ੇ ਦੀ ਗੱਲ ਇਹ ਹੈ ਕਿ ਇੰਨ੍ਹਾਂ ਅਖੌਤੀ ਮਾਰਕਸਵਾਦੀਆਂ ਨਾਲੋਂ ਸਿੱਖ ਧਰਮ ਨਾਲ ਜੁੜੇ ਬੁੱਧੀਜੀਵੀ ਵਧੇਰੇ ਸਪੱਸ਼ਟ ਹਨ। ਉਹ ਸਿੱਖ ਧਰਮ ਨੂੰ ਵਡਿਆਉਂਦੇ ਹਨ, ਜੋ ਉਨ੍ਹਾਂ ਨੇ ਵਡਿਆਉਣਾ ਹੀ ਹੈ ਪਰ ਉਹ ਮਾਰਕਸਵਾਦ ਨਾਲੋਂ ਭਿੰਨਤਾ ਜ਼ਰੂਰ ਥਾਪਦੇ ਹਨ। ਇੱਥੇ ਮੈਂ ਉਦਾਹਰਣ ਦੇਣਾ ਚਹਾਂਗਾ ਡਾ. ਸੁਰਿੰਦਰ ਸਿੰਘ ਕੋਹਲੀ ਦੀ। ਉਹ ਮਾਰਕਸਵਾਦੀ ਮਾਨਵਵਾਦ ਅਤੇ ਗੁਰੂ ਨਾਨਕ ਦੇਵ ਦੇ ਮਾਨਵਵਾਦ ਨੂੰ ਵੱਖ ਕਰਕੇ ਦੇਖਦਾ ਹੈ। ਉਸ ਅਨੁਸਾਰ, " ਜਿੱਥੇ ਗੁਰੂ ਨਾਨਕ ਦੇਵ ਪਦਾਰਥਕ, ਨੈਤਿਕ ਅਤੇ ਆਤਮਿਕ ਪੱਧਰ ਤੇ ਸਮੁੱਚੀ ਮਾਨਵਤਾ ਦਾ ਭਲਾ ਚਿਤਵਦੇ ਹਨ ਉੱਥੇ ਮਾਰਕਸਵਾਦੀ, ਪਦਾਰਥਕ ਅਤੇ ਨੈਤਿਕ ਪੱਧਰ ਤੇ ਸਾਰੇ ਕਮਿਊਨਿਸਟ ਭਾਈਚਾਰੇ ਦਾ ਹਿੱਤ ਲੋਚਦਾ ਹੈ।"(8) ਕੋਹਲੀ ਇੱਥੇ 'ਦੁਨੀਆਂ ਭਰ ਦੇ ਮਜ਼ਦੂਰੋ--'ਇਕ ਹੋ ਜਾਉ' ਦੇ ਨਾਹਰੇ ਨੂੰ ਆਪਣੇ ਸੌੜੇ ਅਰਥ ਦੇ ਲੈਂਦਾ ਹੈ ਪਰ ਉਹ ਮੰਨਦਾ ਹੈ ਕਿ ਮਾਰਕਸਵਾਦੀ ਮਾਨਵਵਾਦ ਲੋਕਾਂ ਦੀਆਂ ਇੱਛਾਵਾਂ ਨੂੰ ਧਿਆਨ ਵਿਚ ਰੱਖਦਾ ਹੈ ਅਤੇ ਸੰਘਰਸ਼ ਰਾਹੀਂ ਤਜਰਬੇ ਹਾਸਲ ਕਰਦਾ ਹੈ। ਮਾਰਕਸਵਾਦ ਵਾਂਗ ਗੁਰੂ ਨਾਨਕ ਦਾ ਮਾਨਵਵਾਦ, ਲੋਕਾਂ ਦੀਆਂ ਪਦਾਰਥਕ ਲੋੜਾਂ ਦਾ ਧਿਆਨ ਰੱਖਦਾ ਹੈ ਅਤੇ ਚਾਹੁੰਦਾ ਹੈ ਕਿ ਸਮਾਜ ਨੂੰ ਕੁੱਲੀ ਗੁੱਲੀ ਦੇਣ ਦੀ ਜ਼ਿੰਮੇਵਾਰੀ ਰਾਜ ਦੀ ਹੈ। ਗੁਰੂ ਨਾਨਕ ਨੈਤਿਕ ਅਨੁਸ਼ਾਸ਼ਨ ਰਾਹੀਂ ਸਾਨੂੰ ਆਤਮਿਕ ਪੱਧਰ ਤੱਕ ਲੈ ਜਾਂਦੇ ਹਨ ਜਿਸ ਨੂੰ ਮਾਰਕਸਵਾਦ ਪੂਰੀ ਤਰਾਂ ਅੱਖੋਂ ਉਹਲੇ ਕਰਦਾ ਹੈ। ਸਮਾਜਿਕ ਅਸਮਾਨਤਾ ਦਾ ਗੁਰੂ ਨਾਨਕ ਅਤੇ ਮਾਰਕਸ ਦੋਨਾਂ ਨੇ ਵਿਰੋਧ ਕੀਤਾ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਇਸ ਨਤੀਜੇ ਤੇ ਪਹੁੰਚਦਾ ਹੈ ਕਿ, "ਮਾਰਕਸਵਾਦ ਦੇ ਮਾਨਵਵਾਦ ਨੂੰ ਪਦਾਰਥਵਾਦੀ ਮਾਨਵਵਾਦ ਕਿਹਾ ਜਾ ਸਕਦਾ ਹੈ, ਪਰ ਗੁਰੂ ਨਾਨਕ ਦਾ ਮਾਨਵਵਾਦ ਧਰਮ ਕੇਂਦਰਿਤ ਹੈ। ਉਹ ਇਕੋ ਮਹਾਨ ਸੋਮੇਂ ਦੀ ਗੱਲ ਕਰਦਾ ਹੈ ਜਿੱਥੋਂ ਅਸੀਂ ਆਏ ਹਾਂ ਤੇ ਜਿੱਥੇ ਅਸੀਂ ਜਾਣਾ ਹੈ। ਮਾਰਕਸ ਸਿਰਫ਼ ਬਾਹਰਮੁਖੀ ਰਹਿੰਦਾ ਹੈ, ਪਰ ਗੁਰੂ ਨਾਨਕ ਬਾਹਰ ਤੇ ਅੰਦਰ ਦੋਨਾਂ ਪਾਸੇ ਦੇਖਦੇ ਹਨ। ਉਹ ਪਦਾਰਥਕ ਅਤੇ ਆਤਮਕ ਲੋੜਾ ਵੱਲ ਧਿਆਨ ਦਿੰਦੇ ਹਨ।"(9) ਕੋਹਲੀ ਧਾਰਮਿਕ ਵਿਅਕਤੀ ਦੇ ਨਾਤੇ ਕਿਸ਼ਨ ਸਿੰਘ ਅਤੇ ਗੁਰਮੀਤ ਸਿੰਘ ਟਿਵਾਣਾ ਤੋਂ ਵਧੇਰੇ ਸਪੱਸ਼ਟ ਹੈ ਜਦ ਕਿ ਮਾਰਕਸਵਾਦੀ ਦ੍ਰਿਸ਼ਟੀਕੋਣ ਅਪਣਾਉਣ ਵਾਲ਼ਿਆਂ ਤੋਂ ਵਧੇਰੇ ਸਪੱਸ਼ਟ

ਹੋਣ ਦੀ ਆਸ ਕੀਤੀ ਜਾਂਦੀ ਸੀ। ਕੋਹਲੀ ਸਪੱਸ਼ਟ ਹੈ ਕਿ ਦੋਨੋਂ ਵਿਚਾਰਧਾਰਾਵਾਂ ਵੱਖ ਹਨ ਪਰੰਤੂ ਟਿਵਾਣਾ ਧਾਰਮਕ ਸੰਕਲਪਾਂ ਨੂੰ ਅਪਣਾ ਕੇ ਸਮਾਜਵਾਦੀ ਇਨਕਲਾਬ ਤਕ ਨੇੜੇ ਭਵਿੱਖ ਵਿਚ ਹੀ ਪਹੁੰਚਣ ਦਾ ਦਾਅਵਾ ਕਰਦਾ ਹੈ। ਉਹ 'ਸਰਬੱਗ' ਵਾਂਗ ਆਖਦਾ ਹੈ, "ਅੱਜ ਲੋੜ ਹੈ ਕਿ ਨਾਮ, ਰਜ਼ਾ, ਹੁਕਮ, ਹਉਮੈ, ਭਾਣਾ ਆਦਿ ਧਾਰਮਿਕ ਸੰਕਲਪਾਂ ਦੀ ਅਜੋਕੇ ਪ੍ਰਸੰਗ ਵਿਚ ਵਿਆਖਿਆ ਕੀਤੀ ਜਾਵੇ ਅਤੇ ਗੁਰਬਾਣੀ ਦੁਆਰਾ ਜਿਸ ਆਦਰਸ਼ ਮਨੁੱਖ-ਗੁਰਮੁੱਖ-ਦੀ ਸਿਰਜਣਾ ਕਤਿੀ ਗਈ ਹੈ, ਲੋਕਾਈ ਨੂੰ ਉਨ੍ਹਾਂ ਗੁਣਾ ਨੂੰ ਗ੍ਰਹਿਣ ਕਰਨ ਵੱਲ ਪ੍ਰੇਰਿਤ ਕੀਤਾ ਜਾਵੇ ਫਿਰ ਸਮਾਜਵਾਦੀ ਇਨਕਲਾਬ ਕੋਈ ਦੂਰ ਦੀ ਗੱਲ ਨਹੀਂ ਰਹਿ ਜਾਵੇਗੀ।"[10] ਵੈਸੇ ਰਜ਼ਾ, ਹੁਕਮ ਅਤੇ ਭਾਣਾ ਮੰਨਣ ਤੋਂ ਬਾਦ ਸਮਾਜਵਾਦੀ ਲੜਾਈ ਕੌਣ ਲੜੇਗਾ ? ਇਹ ਤਾਂ ਟਿਵਾਣਾ ਹੀ ਦੱਸ ਸਕਦਾ ਹੈ।

ਹੁਣ ਅਸੀਂ ਆਉਂਦੇ ਹਾਂ ਸੰਤ ਸਿੰਘ ਸੇਖੋਂ ਵੱਲ। ਕਿਸ਼ਨ ਸਿੰਘ ਦੀ ਥੋਕ ਵਿਚ ਲਿਖਣ ਅਤੇ ਦੂਹਰਾ ਦੀ ਆਦਤ, 'ਸੇਧ' ਦੇ ਪਰਚੇ ਰਾਹੀਂ ਲਗਾਤਾਰ ਪ੍ਰਚਾਰ ਅਤੇ ਮਾਰਕਸਵਾਦੀਆਂ ਦੀ ਸਿੱਖ ਮਾਨਸਿਕਤਾ ਨੇ ਇਸ ਪਾਸੇ ਆਪਣਾ ਕਾਫੀ ਪ੍ਰਭਾਵ ਜਮਾਇਆ ਹੈ। ਸੇਖੋਂ ਨੇ ਥੋੜ੍ਹਾ ਲਿਖਿਆ ਹੈ ਪਰ ਜੋ ਲਿਖਿਆ ਹੈ ਉਸ ਨੂੰ ਇਕ ਪਾਸੇ ਨਹੀਂ ਕੀਤਾ ਜਾ ਸਕਿਆ ਕਿਉਂਕਿ ਉਹ ਸਿੱਖ ਧਰਮ ਅਤੇ ਗੁਰਬਾਣੀ ਨੂੰ ਇਕ object ਮੰਨਦਾ ਹੈ ਅਤੇ ਮਾਰਕਸਵਾਦੀ ਦ੍ਰਿਸ਼ਟੀ ਤੋਂ ਬਾਹਰਮੁਖੀ ਹੋ ਕੇ ਉਸ ਦਾ ਅਧਿਐਨ ਕਰਦਾ ਹੈ। ਸਭ ਤੋਂ ਵੱਡੀ ਗੱਲ ਇਹ ਕਿ ਉਹ ਵਰਗ ਦ੍ਰਿਸ਼ਟੀ ਦਾ ਤਿਆਗ ਨਹੀਂ ਕਰਦਾ। ਇੰਨ੍ਹਾਂ ਕਾਰਨਾਂ ਕਰਕੇ ਸ਼ਾਇਦ ਮੈਂ ਉਸ ਦੇ ਵਿਚਾਰਾਂ ਨਾਲ ਜ਼ਿਆਦਾ ਸਹਿਮਤੀ ਰੱਖਦਾ ਦਿਖਾਈ ਦੇਵਾਂ। ਸੰਤ ਸਿੰਘ ਸੇਖੋਂ ਗੁਰਬਾਣੀ ਦੇ ਰਹੱਸਵਾਦੀ ਦ੍ਰਿਸ਼ਟੀਕੋਣ ਦੀਆਂ ਸੀਮਾਵਾਂ ਨੂੰ ਵੀ ਵੇਖਦਾ ਹੈ ਅਤੇ ਗੁਰੂ ਨਾਨਕ ਦੇ ਸਮਾਜਕ ਇਤਿਹਾਸਕ ਅਨੁਭਵ ਦੀ ਵਿਸ਼ੇਸਤਾ ਨੂੰ ਵੀ ਦਰਸਾਉਂਦਾ ਹੈ। ਉਹ ਲਿਖਦਾ ਹੈ ਕਿ, "ਗੁਰੂ ਨਾਨਕ ਦਾ ਇਤਿਹਾਸਕ ਤੇ ਸਮਾਜਕ ਅਨੁਭਵ, ਇਸ ਵਿਚਲੀ ਪੀੜ ਤੇ ਵੰਗਾਰ, ਗੁਰੂ ਨਾਨਕ ਦਾ ਬੌਧਿਕ ਸਾਹਸ, ਉਨ੍ਹਾਂ ਦਾ ਤਰਕਵਾਦੀ ਸ਼ੰਕਾਵਾਦ ਅਸਾਡੇ ਅਜੋਕੇ ਅਨੁਭਵ ਦਾ ਲੱਛਣ ਹੀ ਨਹੀਂ ਲੱਖ ਵੀ ਹੋ ਸਕਦੀ ਹੈ।"[11] ਗੁਰੂ ਨਾਨਕ ਦੀ ਸਮਾਜਕ ਤੇ ਰਾਜਨੀਤਕ ਚੇਤੰਨਤਾ ਉਪਰੋਕਤ ਗੁਣਾਂ ਕਾਰਣ ਅੱਜ ਵੀ ਸਾਰਥਕ ਤੌਰ ਤੇ ਵਿਚਾਰੀ ਜਾਣੀ ਚਾਹੀਦੀ ਹੈ।

ਸੰਤ ਸਿੰਘ ਸੇਖੋਂ ਕਿਸ਼ਨ ਸਿੰਘ ਵਾਂਗ ਵਪਾਰੀ ਵਰਗ ਨੂੰ ਅੱਖੋਂ ਓਹਲੇ ਨਹੀਂ ਕਰਦਾ, ਜਿਸ ਦਾ ਕਿਸ਼ਨ ਸਿੰਘ ਕਿਤੇ ਨਾਮ ਤਕ ਨਹੀਂ ਲੈਂਦਾ। ਸੰਤ ਸਿੰਘ ਸੇਖੋਂ ਵਧੇਰੇ ਬਾਹਰਮੁਖੀ ਹੈ। ਉਸ ਅਨੁਸਾਰ, "ਗੁਰੂ ਨਾਨਕ ਨੇ ਵੀ ਪਰਮ ਸੱਤ ਦੇ ਚਾਰ ਪੱਖ ਉਚਾਰਣ ਕੀਤੇ ਹਨ, ਰਾਜਾ, ਦਾਤਾ, ਸ਼ਾਹੂਕਾਰ ਤੇ ਕੰਤ। ਇਹ ਚਾਰੇ ਪੱਖ ਭੂਪਵਾਦੀ ਸਥਿਤੀ ਦੇ ਅਨੁਕੂਲ ਹਨ।"[12] ਅਗਾਂਹ ਜਾ ਕੇ ਸ਼ਾਹੂਕਾਰਾ ਸੰਬੰਧਾਂ ਬਾਰੇ ਉਹ ਲਿਖਦਾ ਹੈ, "ਇਹ ਸੰਬੰਧ ਭੂਪਵਾਦੀ ਯੁੱਗ ਦੀ ਪੂੰਜੀਵਾਦੀ ਯੁੱਗ ਵੱਲ ਸੰਕ੍ਰਾਂਤੀ ਦੇ ਸੂਚਕ ਹਨ।.....ਨਾਨਕ ਬਾਣੀ ਵਿਚ ਵਣਜ, ਵਪਾਰ, ਲਾਹੇ, ਟੋਟੇ ਦੇ ਸੰਕਲਪਾਂ ਵਿਚ ਪ੍ਰਗਟ ਹੁੰਦਾ ਹੈ।"[13] ਇੰਨ੍ਹਾਂ ਸੰਬੰਧਾਂ ਕਾਰਨ ਹੀ ਸੇਖੋਂ ਗੁਰਬਾਣੀ ਦੇ ਸਮਾਜਿਕ ਅੰਸ਼ਾਂ ਦੀ ਅਜੋਕੀ ਮਹੱਤਤਾ ਨੂੰ ਰੇਖਾਂਕਿਤ ਕਰਦਾ ਹੈ। "ਇਸ ਬਾਣੀ ਵਿਚ ਅਧਿਆਤਮਕ ਤੋਂ ਉਪਰੰਤ ਜਿਹੜੇ ਸ੍ਰਿਸ਼ਟਾਚਾਰਕ ਅਤੇ ਸਮਾਜਕ ਅੰਸ਼ ਹਨ ਉਹ ਤਾਂ ਬਹੁਤ ਹੀ ਕੰਮ ਆਉਣ ਵਾਲੇ ਹਨ ਕਿਉਂਕਿ ਇਹ ਬਾਣੀ ਆਧੁਨਿਕ ਸਮੇਂ ਦੇ ਮੁੱਢ ਦੀ ਹੈ (ਵਪਾਰੀ-ਪੂੰਜੀਵਾਦ ਦੇ ਦੌਰ ਦੀ) ਜਦੋਂ ਜਨਤਾ ਦੀਆਂ ਹੇਠਲੀਆਂ ਸ਼੍ਰੇਣੀਆਂ ਜਿੰਨ੍ਹਾਂ ਨੂੰ ਭਾਰਤੀ ਪਰਿਭਾਸ਼ਾ ਵਿਚ ਵੈਸ਼ ਕਿਹਾ ਗਿਆ ਹੈ ਅਰਥਾਤ ਮੱਧ ਸ੍ਰੇਣੀ ਦੇ ਵਪਾਰੀ ਤੇ ਕਿਰਸਾਨ, ਰਜਵਾੜਾ ਸ਼੍ਰੇਣੀ ਦੇ ਵਿਰੁੱਧ ਵਿਦਰੋਹ ਲਈ ਤਤਪੱਰ ਹੋ ਰਹੇ ਸਨ ਅਤੇ ਇਸ ਦੇ ਕਈ ਪ੍ਰਕਰਨ ਇਸ ਦੇ ਅਜੋਕੇ ਪ੍ਰਕਰਨਾਂ ਨਾਲ ਮਿਲਦੇ ਜੁਲਦੇ ਹਨ।"[14] ਸਪੱਸ਼ਟ ਤੌਰ ਤੇ ਸਿੱਖ ਲਹਿਰ ਮੱਧ ਵਪਾਰੀ (ਵੈਸ਼) ਅਤੇ ਸ਼ੂਦਰਾਂ (ਹੱਥੀਂ ਕੰਮ ਕਰਨ ਵਾਲੇ ਸਾਰੇ ਲੋਕਾਂ) ਦੀ ਲਹਿਰ ਸੀ ਜਿਸ ਦੀ ਅਗਵਾਈ ਵਪਾਰੀ ਜਮਾਤ ਦੇ ਪ੍ਰਤਿਨਿਧ ਗੁਰੂ ਕਰ ਰਹੇ ਸਨ। ਕ. ਜ਼. ਅਸ਼ਰਾਫ਼ਿਆਨ ਇਸ ਤੱਥ ਵੱਲ ਸਾਡਾ ਧਿਆਨ ਦੁਆਉਂਦਾ ਹੈ ਕਿ "ਭਾਰਤ ਵਿਚ ਸੋਲਵੀਂ ਸਦੀ ਤੋਂ ਪਿੱਛੋਂ ਭਗਤੀ ਲਹਿਰ ਦੀ ਵਪਾਰੀ, ਦਸਤਕਾਰ ਸਾਂਝੇ ਵਿਰੋਧ ਵਜੋਂ ਹੋਂਦ ਨਾ ਰਹੀ, ਪਰ ਸਿੱਖ ਧਰਮ ਸਾਮੰਤ ਵਿਰੋਧੀ ਕਿਸਾਨ ਘੋਲ ਵੱਲ ਅਗਾਂਹ ਵਧਿਆ।"[15] ਪੰਜਾਬ ਵਿਚ ਇਹ ਸਭ ਕੁਝ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਵਾਪਰਿਆ। ਕਹਿਣਾ ਇਹ ਚਾਹੀਦਾ ਹੈ ਕਿ ਵਪਾਰੀ ਲੀਡਰਸ਼ਿਪ ਨਾ ਰਹਿਣ ਕਾਰਣ ਬੰਦਾ ਬਹਾਦਰ ਦੀ ਅਗਵਾਈ ਵਿਚ ਬਦਲਾ ਲਊ ਮੁਹਿੰਮਾਂ ਤੋਂ ਬਾਅਦ ਮੁਗਲ ਸਾਮਰਾਜ ਦੇ ਪਤਨ ਨਾਲ਼ ਕਿਸਾਨੀ ਭਾਰੂ ਹੁੰਦੀ ਹੈ ਅਤੇ ਇਹ ਮਿਸਲਾਂ ਤੋਂ ਬਾਅਦ ਜਾਗੀਰਦਾਰੀ ਵਿਚ ਸਥਾਪਤੀ ਕਰਦੀ ਹੈ, ਰਣਜੀਤ ਸਿੰਘ ਦੇ ਰਾਜ ਵਿਚ। ਪੰਜਾਹ ਸਾਲ ਦੇ ਰਣਜੀਤ ਸਿੰਘ ਕਾਲ ਤੋਂ ਬਾਦ ਅੰਗਰੇਜ਼ੀ ਸਾਮਰਾਜਵਾਦ ਦੇ ਆਉਂਣ ਨਾਲ ਫਿਰ ਇਹ ਲਹਿਰ ਅੰਗਰੇਜ਼ੀ ਸਾਮਰਾਜ ਵਿਰੋਧੀ ਲਹਿਰ ਬਣਦੀ ਹੈ। ਹੁਣ ਤਾਂ ਅਸੀਂ ਨਵ-ਸਾਮਰਾਜਵਾਦੀ ਸਥਿਤੀ ਵਿਚ ਵਿਚਰ ਰਹੇ ਹਾਂ। ਜੇਮਸਨ ਦੇ ਵਿਚਾਰਾਂ ਵੱਲ ਆਉਂਣ ਤੋਂ ਪਹਿਲਾਂ ਸੰਤ ਸਿੰਘ ਸੇਖੋਂ ਦੇ ਹੋਰ ਮਹੱਤਵਪੂਰਨ ਵਿਚਾਰਾਂ ਨੂੰ ਜਾਨਣਾ ਜ਼ਰੂਰੀ ਹੈ।

ਬਾਬਾ ਫ਼ਰੀਦ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਸੰਬੰਧੀ ਸੰਤ ਸਿੰਘ ਸੇਖੋਂ ਦੀ ਇਕ ਮੁੱਲਵਾਨ

ਟਿੱਪਣੀ ਹੈ ਕਿ, "ਇਕ ਤਰ੍ਹਾਂ ਨਾਲ ਗੁਰਮਤਿ ਉਸ ਸਮੇਂ ਦਾ ਸਾਂਝਾ ਫਰੰਟ ਹੈ, ਜਿਸ ਵਿਚ ਇਸਲਾਮ ਦੀਆਂ ਸੰਪਰਦਾਇਕ ਵਧੀਕੀਆਂ ਅਤੇ ਇਸਲਾਮੀ ਕੱਟੜਵਾਦ ਦੇ ਵਿਰੁੱਧ ਸੇਖ਼ ਫ਼ਰੀਦ ਜਿਹੇ ਫ਼ਕੀਰਾਂ ਦੀ ਸਹਾਇਤਾ ਪ੍ਰਾਪਤ ਕੀਤੀ ਗਈ।"(16) ਇਸ ਨੂੰ ਹੋਰ ਅਗਾਂਹ ਵਿਸਤਾਰ ਕੇ ਕਿਹਾ ਜਾ ਸਕਦਾ ਹੈ ਕਿ ਵਪਾਰੀ ਜਮਾਤ ਨੇ ਭਾਰਤੀ ਪਰੰਪਰਾ ਵਿਚੋਂ ਦਲਿਤ ਚਿੰਤਨ ਨਾਲ ਜੁੜੇ ਆਗੂਆਂ ਦੀ ਬਾਣੀ ਲੈ ਕੇ ਇਕ ਪਾਸੇ ਬ੍ਰਹਮਣਵਾਦੀ ਜਾਗੀਦਾਰੀ ਸਿਸਟਮ ਦੇ ਖਿਲਾਫ਼ ਮੋਰਚਾ ਮਜ਼ਬੂਤ ਕੀਤਾ ਅਤੇ ਫ਼ਰੀਦ ਨਾਲ ਮੋਰਚਾ ਬਣਾ ਕੇ ਮੁਗ਼ਲ ਸਮਰਾਟਵਾਦ/ਜਗੀਰਦਾਰੀ ਵਿਰੁੱਧ ਵਿਚਾਰਧਾਰਕ ਲੜਾਈ ਅਰੰਭੀ। ਇਸ ਦੇ ਸਿੱਟੇ ਵਜੋਂ ਸਿੱਖ ਸਫ਼ਾਂ ਵਿਚ ਹਿੰਦੂ ਮੁਸਲਮਾਨ ਦੋਨੋਂ ਸ਼ਾਮਿਲ ਹੁੰਦੇ ਹਨ। ਸੰਤ ਸਿੰਘ ਸੇਖੋਂ ਜਦੋਂ ਜਮਾਤੀ ਦ੍ਰਿਸ਼ਟੀ ਤੋਂ ਗੁਰਬਾਣੀ ਦਾ ਅਧਿਐਨ ਕਰਦਾ ਹੈ ਤਾਂ ਉਸਨੂੰ ਇਸਤ੍ਰੀ ਦਾ ਸਰੂਪ ਵੀ ਜਮਾਤੀ ਵਿਖਾਈ ਦਿੰਦਾ ਹੈ। ਇਸ ਸਰੂਪ ਦੀ ਪੈੜ ਉਹ ਗੁਰਬਾਣੀ ਦੇ ਬਿੰਬਾਂ/ ਅਲੰਕਾਰਾਂ ਤਕ ਜਾ ਲੱਭਦਾ ਹੈ। ਉਹ ਲਿਖਦਾ ਹੈ ਕਿ, "ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਗੁਰੂ ਸਾਹਿਬਾਨ ਦੇ ਅਲੰਕਾਰਾਂ ਦੀ ਨੀਂਹ ਵਿਚ ਮੱਧ-ਮਹਾਜਨੀ ਘਰਾਂ ਦੀ ਪਤੀ ਭਗਤਣੀ ਇਸਤ੍ਰੀ ਹੈ ਜਿਸ ਤੋਂ ਮਜ਼ਦੂਰੀ ਨਾਲੋਂ ਵਧੇਰੇ ਭਗਤੀ ਦੀ ਮੰਗ ਕੀਤੀ ਜਾਂਦੀ ਹੈ ਤੇ ਸ਼ਾਹ ਹੁਸੈਨ ਤੇ ਹਦਾਇਤੁਲਾ ਦੇ ਅਲੰਕਾਰਾਂ ਦੀ ਨੀਂਹ ਵਿਚ ਮਜ਼ਦੂਰ ਕਿਸਾਨ ਘਰਾਣਿਆਂ ਦੀ ਇਸਤ੍ਰੀ ਹੈ, ਜਿਸ ਤੋਂ ਭਗਤੀ ਨਾਲੋਂ ਵਧੇਰੇ ਕੰਮ ਦੀ ਮੰਗ ਕੀਤੀ ਜਾਂਦੀ ਹੈ।"(17)

ਪ੍ਰੇਮੀ-ਪ੍ਰੇਮਿਕਾ ਦੇ ਸੰਬੰਧ ਵੀ ਸੇਖੋਂ ਨੂੰ ਜਾਗੀਰਦਾਰੀ ਵਾਲੇ ਲੱਗਦੇ ਹਨ। "ਪ੍ਰੇਮ ਕਰਨ ਜਾਂ ਦੇਣ ਵਾਲਾ ਪੱਖ ਇਸ੍ਰਤੀ ਦਾ ਰਿਹਾ ਹੈ। ਅਰਥਾਤ ਇਸਤ੍ਰੀ ਪ੍ਰੇਮਕਾ ਤੇ ਮਨੁੱਖ ਪ੍ਰੀਤਮ ਰਿਹਾ ਹੈ। ਕੁਝ ਹੋਰ ਅਗੇਰੇ ਦੀ ਵਿਚਾਰ ਕਰਨ ਨਾਲ ਸਿੱਧ ਹੋ ਜਾਂਦਾ ਹੈ ਕਿ ਪ੍ਰੇਮ ਦਾ ਇਹ ਰੂਪ ਜਾਗੀਰਦਾਰੀ ਸਮਾਜ ਦਾ ਇਕ ਲੱਛਣ ਹੈ।"(18) ਇਸੇ ਅਸਮਾਨਤਾ ਦੇ ਸੰਬੰਧਾਂ ਕਾਰਨ ਗੁਰਮਤਿ ਵਿਚ ਔਰਤ ਮਰਦ ਦੀ ਬਰਾਬਰੀ ਦੇ ਸੰਕਲਪ ਤੋਂ ਸੇਖੋਂ ਬਹੁਤਾ ਸੰਤੁਸ਼ਟ ਨਹੀਂ ਕਿਉਂਕਿ ਉਸ ਅਨੁਸਾਰ, "ਇਹ ਗੱਲ ਸਪੱਸ਼ਟ ਹੈ ਕਿ ਗੁਰਬਾਣੀ ਇਸਤ੍ਰੀ ਪੁਰਖ ਦੀ ਸਮਾਨਤਾ ਦਾ ਸੰਕਲਪ ਪੇਸ਼ ਕਰਦੀ ਹੈ, ਪਰ ਇਸ ਸਮਾਨਤਾ ਨੂੰ ਸਥਾਪਤ ਤੇ ਨਿਸਚਿਤ ਕਰਨ ਲਈ ਕਿਹੜੇ ਸਮਾਜਕ ਸਦਾਚਾਰ ਦੀ ਆਵਸ਼ਕਤਾ ਹੈ ਇਸ ਬਾਰੇ ਕੁਝ ਵੀ ਸਪੱਸ਼ਟ ਨਹੀਂ। ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਇਸ ਸਦਾਚਾਰ ਦੇ ਸਥਾਪਤ ਜਾਂ ਨਿਸ਼ਚਿਤ ਕਰਨ ਦਾ ਸਵਾਲ ਸਮਾਜ ਦੀਆਂ ਹੋਰ ਸ਼ਕਤੀਆਂ ਜੋਗਾ ਛੱਡ ਦਿੰਦੀ ਹੈ।"(19) ਇਹ ਗੱਲ ਦਲਿਤ ਬਰਾਬਰੀ ਬਾਰੇ ਵੀ ਕਹੀ ਜਾ ਸਕਦੀ ਹੈ। ਕ. ਜ਼. ਅਸ਼ਰਾਫਿਆਨ ਅਜਿਹੇ ਚਿੰਤਨ ਪਿੱਛੇ 'ਸਾਮੰਤੀ ਸ਼ਕਤੀਮਾਨਤਾ' ਅਤੇ 'ਪੂਰਵ ਨਿਸਚਿਤ ਰਜ਼ਾ' ਦੇ ਸੰਕਲਪ ਨੂੰ ਵੇਖਦਾ ਹੈ। ਉਹ ਲਿਖਦਾ ਹੈ "ਮੱਧ ਕਾਲੀਨ ਮਨੁੱਖ ਦੇ ਸੰਸਾਰ ਦ੍ਰਿਸ਼ਟੀਕੋਣ ਦਾ ਤੰਗ ਤੇ ਬੱਝਿਆ ਹੋਣਾ ਭਗਤਾਂ ਨੂੰ ਜਿਨ੍ਹਾਂ ਵਿਚ ਸਿੱਖ ਵੀ ਸ਼ਾਮਿਲ ਸਨ, ਇਸ ਗੱਲ ਦੀ ਆਗਿਆ ਨਹੀਂ ਸੀ ਦਿੰਦਾ ਕਿ ਉਹ ਹਰ ਥਾਂ ਫੈਲੀ ਸਮਾਜਕ ਨਾਂ ਬਰਾਬਰੀ ਦੇ ਅਸਲੀ ਕਾਰਨਾਂ ਨੂੰ ਸਮਝਣ ਦੀ ਹੱਦ ਤਕ ਉਚਾ ਉੱਠ ਸਕਣ। ਸਾਮੰਤਾਂ ਦੀ ਸਰਬ-ਸ਼ਕਤੀਮਾਨਤਾ ਅਤੇ ਲੋਕਾਂ ਦੀ ਅਧਿਕਾਰਹੀਣਤਾ ਵਿਚ ਅਮੀਰ ਲਹੂ ਪੀਣਿਆਂ ਤੇ ਭੁੱਖੇ ਮਿਹਨਤਕਸ਼ਾਂ ਵਿਚ, ਲੋਕਾਂ ਦੀ ਵੰਡ ਵਿਚ ਗੁਰੂ ਨਾਨਕ ਰੱਬ ਦੀ ਪੂਰਵ-ਨਿਸ਼ਚਿਤ ਰਜ਼ਾ ਵੇਖਦੇ ਹਨ।"(20)

ਉਪਰੋਕਤ ਚਰਚਾ ਇਹ ਸਪੱਸ਼ਟ ਕਰਦੀ ਹੈ ਕਿ ਜਦੋਂ ਅਸੀਂ ਗੁਰਬਾਣੀ ਦੀ ਸਮਕਾਲੀ ਪ੍ਰਸੰਗਿਕਤਾ ਬਾਰੇ ਵਿਚਾਰ ਕਰੀਏ ਤਾਂ ਪਹਿਲਾਂ ਉਸ ਦਾ ਇਤਿਹਾਸਕ, ਸਭਿਆਚਾਰਕ, ਦਾਰਸ਼ਨਿਕ, ਸਮਾਜਿਕ ਆਦਿ ਸੰਦਰਭਾਂ ਵਿਚ ਮੂਲਾਕਣ ਅਵੱਸ਼ ਕਰ ਲਈਏ। 12ਵੀਂ ਤੋਂ 17ਵੀਂ ਸਦੀ ਤਕ ਦੇ ਇਤਿਹਾਸ ਵਿਚ ਰਚੀ ਬਾਣੀ ਦਾ ਮੁਲਾਂਕਣ ਕਰਕੇ ਹੀ ਅਸੀਂ ਪ੍ਰਸੰਗਿਕਤਾ ਨੂੰ ਸਹੀ ਰੂਪ ਵਿਚ ਜਾਣ ਸਕਦੇ ਹਾਂ। ਵਿਸ਼ਵ ਪੱਧਰ ਤੇ ਅਸੀਂ ਪੂਰਵ-ਬਾਜ਼ਾਰ ਪੂੰਜੀਵਾਦ ਤੋਂ ਚਲ ਕੇ ਅੱਜ ਨਵ-ਸਾਮਰਾਜਵਾਦੀ ਪੜਾਅ ਤਕ ਪਹੁੰਚ ਗਏ ਹਾਂ। ਇਨ੍ਹਾਂ ਪੜਾਵਾਂ ਬਾਰੇ ਸੰਖੇਪ ਜਾਣਕਾਰੀ ਜੇਮਸਨ ਦੇ ਸ਼ਬਦਾਂ ਵਿਚ ਇਉਂ ਹੈ, "ਪਹਿਲਾ ਪੜਾਅ ਬਾਜ਼ਾਰ ਪੂੰਜੀਵਾਦ ਦਾ ਹੈ-18 ਵੀਂ ਸਦੀ ਤੋਂ ਲੈ ਕੇ 19 ਵੀਂ ਸਦੀ ਦੇ ਅਖੀਰ ਤਕ ਚਲਦਾ ਹੈ......ਦੂਜਾ ਪੜਾਅ 19ਵੀਂ ਸਦੀ ਦੇ ਅੱਧ ਤਕ ਆਉਂਦਾ ਹੈ। ਇਹ ਅਜਾਰੇਦਾਰੀ ਪੂੰਜੀਵਾਦੀ ਪੜਾਅ ਹੈ......ਤੀਜੇ ਪੜਾਅ ਉਪਰ ਅਸੀਂ ਹੁਣ ਹਾਂ ਇਹ ਪੜਾਅ ਮਲਟੀਨੈਸ਼ਨਲ ਪੂੰਜੀਵਾਦ ਦਾ ਹੈ ਜੋ ਵਸਤਾਂ ਵੇਚਣ ਅਤੇ ਵਸਤੂ ਉਪਭੋਗਤਾ ਉਪਰ ਜ਼ੋਰ ਦਿੰਦਾ ਹੈ, ਵਸਤਾਂ ਪੈਦਾ ਕਰਨ ਉਪਰ ਓਨਾ ਨਹੀਂ।"(21) ਇਸ ਸਭ ਕੁਝ ਦੀ ਚਰਚਾ ਕਰਨ ਦਾ ਮਕਸਦ ਕੇਵਲ ਇਹ ਦਰਸਾਉਣਾ ਹੈ ਕਿ ਪੂਰਵ ਆਧੁਨਿਕ ਕਾਲ ਤੋਂ ਲੈ ਕੇ ਹੁਣ ਤਕ ਕਈ ਸਦੀਆਂ ਦਾ ਸਫ਼ਰ ਤੈਅ ਹੋਇਆ ਹੈ। ਇਸ ਦੇ ਆਰੰਭ ਦੌਰਾਨ ਅਰਜਿਤ ਕੀਤੀਆਂ ਗਈਆਂ ਮਾਨਵੀ ਕਦਰਾਂ ਕੀਮਤਾਂ ਨੂੰ ਪਿਛਲਾ ਅਜੋਕਾ ਪੜਾਅ ਤਿਆਗਦਾ ਚਲਾ ਜਾਂਦਾ ਹੈ। ਅਰਾਜਕਤਾ ਤੇ ਮੁਨਾਫ਼ਾ ਅੱਜ ਦੀ ਇਕੋ ਇਕ ਕੀਮਤ ਰਹਿ ਗਈ ਹੈ। ਅਤਿ ਦੇ ਵਿਅਕਤੀਵਾਦ ਨੇ ਸਾਮੂਹਿਕਤਾ ਨੂੰ ਢਾਹ ਲਾਈ ਹੈ। ਜਿਸ ਰਾਹ ਤੇ ਅਸੀਂ ਤੁਰ ਰਹੇ ਹਾਂ, ਰਹਿੰਦੀਆਂ ਮਾਨਵੀ ਕਦਰਾਂ ਕੀਮਤਾਂ ਵੀ ਖੁਰਨਗੀਆਂ ਹੀ ਖੁਰਨਗੀਆਂ। ਅਜਿਹੇ ਸਮੇਂ ਆਧੁਨਿਕ ਕਾਲ ਦੇ ਮੁਢਲਿਆਂ ਸਮਿਆਂ ਦੀਆਂ ਉਨ੍ਹਾਂ ਸਾਰੀਆਂ ਕਦਰਾਂ ਕੀਮਤਾਂ ਨੂੰ ਵਿਸ਼ਲੇਸ਼ਣ ਕਰਕੇ ਦੁਬਾਰਾ ਆਤਮਸਾਤ ਕਰਨਾ ਪਵੇਗਾ ਤਾਂ ਕਿ ਅਜੋਕੇ ਸਮਿਆਂ ਦੀ ਚਣੌਤੀ ਨੂੰ ਸਵੀਕਾਰ ਕੀਤਾ ਜਾ ਸਕੇ। ਇਥੇ ਅਸੀਂ ਸਿਰਫ਼ ਉਪਰਲੇ ਅਧਿਐਨ ਦੇ ਆਧਾਰ ਤੇ ਗੁਰਮਤਿ ਵਿਚ ਅਜੋਕੇ ਯੁੱਗ ਵਿਚ ਗ੍ਰਹਿਣ

ਕਰਨ ਯੋਗ ਜਾਂ ਪ੍ਰਾਸੰਗਿਕ ਤੱਤਾਂ ਤਕ ਹੀ ਆਪਣੇ ਆਪ ਨੂੰ ਸੀਮਤ ਰੱਖਾਂਗੇ।

ਸਭ ਤੋਂ ਪਹਿਲਾਂ ਸਾਡੇ ਲਈ ਮਹੱਤਵਪੂਰਣ ਹੈ, ਪਦਾਰਥਕ ਤੇ ਨੈਤਿਕ ਪੱਖ, ਜੋ ਇਹ ਲੌਕਿਕ ਜੀਵਨ ਨਾਲ ਜੁੜਿਆ ਹੋਇਆ ਹੈ। ਜਿਵੇਂ ਅਸੀਂ ਉਪਰ ਸੁਰਿੰਦਰ ਸਿੰਘ ਕੋਹਲੀ ਦੇ ਵਿਚਾਰ ਦੇਖ ਚੁੱਕੇ ਹਾਂ ਕਿ ਗੁਰੂ ਨਾਨਕ ਪਦਾਰਥਕ ਲੋੜਾਂ, ਕੁੱਲੀ, ਗੁੱਲੀ ਤੇ ਜੁੱਲੀ ਦੇ ਮਸਲਿਆਂ ਨੂੰ ਵੀ ਹੱਲ ਹੋਇਆ ਵੇਖਣਾ ਚਾਹੁੰਦੇ ਹਨ। ਇਥੇ ਸਾਡੇ ਲਈ ਭਗਤ ਕਬੀਰ, ਧੰਨਾ ਅਤੇ ਭਗਤ ਰਵਿਦਾਸ ਦੀ ਬਾਣੀ ਦਾ ਹੋਰ ਵੀ ਮਹੱਤਵ ਵਧੇਰੇ ਹੈ ਕਿਉਂਕਿ ਨਿਚਲੀਆਂ ਜਮਾਤਾਂ ਵਿਚੋਂ ਹੋਣ ਕਰਕੇ, ਉਹ ਰੱਬ ਕੋਲੋਂ ਆਮ ਲੋੜਾਂ ਪੂਰੀਆਂ ਕਰਨ ਦੀ ਮੰਗ ਕਰਦੇ ਹਨ। ਭਗਤ ਰਵਿਦਾਸ, 'ਬੇਗਮਪੁਰਾ ਸ਼ਹਿਰ ਦੀ ਕਲਪਨਾ ਕਰਦੇ ਹਨ।

-ਗੋਪਾਲ ਤੇਰਾ ਆਰਤਾ।
ਜੋ ਜਨ ਤੁਮਰੀ ਸੇਵ ਕਰੰਤੇ, ਤਿਨ ਕੇ ਕਾਜ ਸਵਾਰਤਾ॥ ਰਹਾਉ॥
ਦਾਲਿ ਸੀਧਾ ਮਾਗਉ ਘੀਉ। ਹਮਰਾ ਖੁਸ਼ੀ ਕਰੇ ਨਿਤ ਜੀਉ।
ਪਨੀਆਂ ਛਾਦਨ ਨੀਕਾ। ਅਨਾਜ ਮਾਂਗਉਂ ਸਤ ਸੀਕਾ
ਗਊ ਭੈਸ ਮਾਂਗਉਂ ਲਾਵੇਰੀ। ਇਕ ਤਾਜਨਿ ਤੁਰੀ ਚੰਗੇਰੀ।
ਘਰ ਕੀ ਗੀਹਨਿ ਚੰਗੀ। ਜਨ ਧੰਨਾ ਲੇਵੈ ਮੰਗੀ।

-ਭੂਖੇ ਭਗਤਿ ਨਾ ਕੀਜੈ। ਯਹ ਮਾਲਾ ਅਪਨੀ ਲੀਜੈ।
ਹਉ ਮਾਂਗਉਂ ਸੰਤਨ ਰੇਨਾ। ਮੈਂ ਨਾਹੀ ਕਿਸੀ ਕਾ ਦੇਨਾ।
ਮਾਧਉ ਕੈਸੀ ਬਨੇ ਤੁਮ ਸੰਗੇ। ਆਪਿ ਨ ਦੇਹ ਤ ਲੇਵਉ ਮੰਗੇ॥ ਰਹਾਉ॥
ਦੁਇ ਸੇਰ ਮਾਂਗਉਂ ਚੂਨਾ। ਪਾਉ ਘੀਉ ਸੰਗਿ ਲੂਨਾ।
ਅੱਧ ਸੇਰ ਮਾਂਗਉਂ ਦਾਲੇ। ਮੋਕਉ ਦੋਨਉਂ ਵਖਤ ਜਿਵਾਲੇ।
ਖਾਟੁ ਮਾਂਗਉਂ ਚਉਪਾਈ॥ ਸਰਹਾਨਾ ਅਵਰ ਤੁਲਾਈ।
ਊਪਰ ਕਉ ਮਾਂਗਉਂ ਖੀਂਧਾ। ਤੇਰੀ ਭਗਤਿ ਕਰੇ ਜਨੁ ਥੀਂਦਾ
ਮੈਂ ਨਾਹੀਂ ਕੀਤਾ ਲਬੋ। ਇਕ ਨਾਉ ਤੇਰਾ ਮੈ ਫਬੋ।
ਕਹਿ ਕਬੀਰ ਮਨੁ ਮਾਨਿਆ। ਮਨ ਮਾਨਿਆ ਤਉ ਹਰ ਜਾਨਿਆ।

ਭਗਤਾਂ ਵਲੋਂ ਵਰਣਿਤ ਰਾਜ ਅਤੇ ਆਮ ਲੋੜਾਂ ਦੀ ਜਦੋਂ ਤਕ ਪੂਰਤੀ ਨਹੀਂ ਹੁੰਦੀ ਇਨ੍ਹਾਂ ਪੰਗਤੀਆਂ ਦੀ ਪ੍ਰਸੰਗਿਕਤਾ ਬਣੀ ਰਹੇਗੀ।

ਅੱਜ ਸਾਡੇ ਲਈ ਮਹੱਤਵਪੂਰਣ ਹੈ ਗੁਰਬਾਣੀ ਦਾ ਮਾਨਵਵਾਦੀ ਸੰਦੇਸ਼। ਇਸੇ ਵਿਚਾਰ ਨੂੰ ਅਸੀਂ ਸੰਪ੍ਰਦਾਇਕ ਏਕਤਾ ਦੇ ਪ੍ਰਸੰਗ ਤਕ ਵਧਾ ਸਕਦੇ ਹਾਂ ਕਿਉਂਕਿ ਗੁਰਮਤਿ ਜਾਤ ਧਰਮ ਦੇ ਆਧਾਰ ਤੇ ਫ਼ਰਕ ਕਰਨ ਵਿਚ ਯਕੀਨ ਨਹੀਂ ਕਰਦੀ।

-ਹਿੰਦੂ ਤੁਰਕ ਕੋਊ, ਰਾਫ਼ਜ਼ੀ ਇਮਾਮ ਸ਼ਾਫ਼ੀ।
ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ।
-ਏਕੈ ਨੈਨ,ਏਕੈ ਕਾਨ, ਏਕੈ ਦੇਹ ਏਕੈ ਬਾਨ,
ਖਾਕ ਬਾਦ ਆਤਿਸ਼ ਔ ਆਬ ਕੋ ਰਲਾਵ ਹੈ। (ਅਕਾਲ ਉਸਤਤਿ)
-ਕੋਈ ਬੋਲੈ ਰਾਮ ਰਾਮ, ਕੋਈ ਖੁਦਾਇ।
ਕੋਈ ਸੇਵੇ ਗੁਸਈਆਂ, ਕੋਈ ਅਲਾਹਿ। (ਰਾਮਕਲੀ ਮਹਲਾ-5)
-ਅਲਹੁ ਏਕ ਮਸੀਤ ਬਸਤ ਹੈ ਅਵਰ ਮੁਲਕ ਕਿਸ ਕੇਰਾ।
ਹਿੰਦੂ ਮੂਰਤ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ। (ਪ੍ਰਭਾਤੀ ਕਬੀਰ)
-ਅਵਲਿ ਅਲਹੁ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ।
ਏਕ ਨੂਰ ਤੇ ਸਭ ਜਗ ਉਪਜਿਆ, ਕਉਨ ਭਲੇ ਕੋ ਮੰਦੇ। (ਪ੍ਰਭਾਤੀ ਕਬੀਰ)

ਗੁਰਮਤਿ ਉਪਰ ਵਿਚਾਰ ਕਰਦਿਆਂ ਸਾਨੂੰ ਇਸ ਤੱਥ ਦੀ ਵੀ ਸੋਝੀ ਹੁੰਦੀ ਹੈ ਕਿ, "ਗੁਰੂ ਨਾਨਕ ਦੇ ਸੰਕਲਪਾਂ ਦੀ ਮਾਨਵਵਾਦੀ ਵਸਤੂ, ਉਨ੍ਹਾਂ ਦਾ ਮਾਨਵਵਾਦ ਇਨ੍ਹਾਂ ਅਰਥਾਂ ਵਿਚ ਯਥਾਰਥਕ ਹੈ ਕਿ ਉਹਨਾਂ ਦੇ ਯੁੱਗ ਦੀਆਂ ਠੋਸ ਹਾਲਤਾਂ ਵਿਚ, ਜਿਨ੍ਹਾਂ ਨੇ

ਗੁਰੂ ਨਾਨਕ ਦੇ ਵਿਚਾਰਾਂ ਨੂੰ ਨਿਸਚਿਤ ਕੀਤਾ, ਉਨਹਾਂ ਦੇ ਤੱਤ ਨੂੰ ਸਮਝਿਆ ਜਾ ਸਕਦਾ ਹੈ, ਭਾਵੇਂ ਉਨ੍ਹਾਂ ਦੇ ਮਾਨਵਵਾਦ ਉਪਰ ਧਾਰਮਿਕ ਲੀਹਾਂ ਦਾ ਬੋਝ ਹੈ, ਜਿਸਨੇ ਮਗਰਲੇ ਗੁਰੂਆਂ ਵਲੋਂ ਭਾਵਵਾਚੀ ਦਿਸ਼ਾ ਵਲ ਗੁਰੂ ਨਾਨਕ ਦੇ ਵਿਚਾਰਾਂ ਦਾ ਵਿਕਾਸ ਕਰਨਾ ਨਿਸ਼ਚਿਤ ਕੀਤਾ, ਇਹ ਰੁਝਾਨ ਅੱਜ ਵੀ ਜਿਉਂਦਾ ਜਾਗਦਾ ਹੈ।"[22]

ਸੰਤ ਸਿੰਘ ਸੇਖੋਂ ਵੱਲੋਂ ਕਹੀ ਗਈ ਇਹ ਗੱਲ ਮਹੱਤਵਪੂਰਣ ਹੈ ਕਿ ਗੁਰਬਾਣੀ ਦੇ ਇਤਿਹਾਸਕ ਤੇ ਸਮਾਜਕ ਅਨੁਭਵ, ਇਸ ਵਿਚਲੀ ਪੀੜ ਤੇ ਵੰਗਾਰ, ਗੁਰੂ ਨਾਨਕ ਦਾ ਬੌਧਿਕ ਸਾਹਸ ਅਤੇ ਉਨ੍ਹਾਂ ਦੇ ਤਰਕਵਾਦੀ ਸ਼ੰਕਾਵਾਦ ਨੂੰ ਅਜੋਕੇ ਅਨੁਭਵ ਦਾ ਅੰਗ ਬਣਾਉਣਾ ਪਵੇਗਾ। ਪਾਰਲੌਕਿਕਤਾ ਦੀ ਥਾਂ ਇਹ ਲੌਕਿਕਤਾ ਤੇ ਦਵੰਦਵਾਦੀ ਪਦਾਰਥਵਾਦੀ ਸੋਚ ਨਾਲ ਇਸ ਸਭ ਕੁਝ ਨੂੰ ਇਕਮਿਕ ਕਰਕੇ ਵਿਅਕਤੀਗਤ ਅਤੇ ਸਾਮੂਹਿਕ ਤੌਰ ਤੇ ਲੰਮੇ ਸੰਘਰਸ਼ਾਂ ਲਈ ਤਿਆਰ ਹੋਇਆ ਜਾ ਸਕਦਾ ਹੈ। ਗੁਰੂ ਸਾਹਿਬਾਨ ਨੇ ਆਪਣੇ ਵੇਲੇ ਦੇ ਸਮਾਜ ਦੇ ਲੋਕਾਂ ਨਾਲ ਅਤੇ ਉਸ ਵੇਲੇ ਦੀ ਰਜਵਾੜਾਸ਼ਾਹੀ ਨਾਲ ਸੰਗਠਿਤ ਰੂਪ ਵਿਚ ਲੜਾਈ ਲੜੀ। ਅੱਜ ਇਹ ਲੜਾਈ ਨਵ-ਸਾਮਰਾਜਵਾਦ ਵਿਰੁੱਧ ਅਤੇ ਲੋਕਾਂ ਦੇ ਹੱਕ ਵਿਚ ਲੜੀ ਜਾਣੀ ਹੈ।

ਅੱਜ ਦੀ ਵਿਚਾਰਧਾਰਕ ਲੜਾਈ ਵਿਚ ਗੁਰਮਤਿ ਦੇ 'ਦਲਿਤ ਸੰਬੰਧੀ ਅਤੇ ਇਸਤ੍ਰੀ ਸੰਬੰਧੀ ਵਿਚਾਰਾਂ ਦੇ ਮਹੱਤਵ ਨੂੰ ਅਸੀਂ ਪਹਿਲਾਂ ਹੀ ਜਾਣਦੇ ਹਾਂ। ਅਜੋਕੇ ਸੰਦਰਭ ਵਿਚ ਇਨ੍ਹਾਂ ਵਿਚਾਰਾਂ ਨੂੰ ਅਸੀਂ ਆਲੋਚਨਾਤਮਿਕ ਦ੍ਰਿਸ਼ਟੀ ਤੋਂ ਵਾਚ ਕੇ ਅਤੇ ਅਮਲ ਉਪਰ ਪਰਖ ਕੇ ਲਾਗੂ ਕਰਾਂਗੇ। ਗੁਰੂ ਕਵੀ ਨੀਵਿਆਂ ਨਾਲ ਖੜ੍ਹਦੇ ਹਨ।

-ਜਿਥੇ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ। (ਸ੍ਰੀ ਰਾਗ ਮਹਲਾ-1)
-ਬ੍ਰਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਰ, ਮਲੇਛ ਮਨ ਸੋਇ।
ਹੋਇ ਪੁਨੀਤ ਭਗਵੰਤ ਭਜਨ ਤੇ, ਆਪਿ ਤਾਰਿ ਤਾਰੇ ਕੁਲ ਦੋਇ॥(ਰਵਿਦਾਸ)
-ਫਕੜੁ ਜਾਤੀ ਫਕੜੁ ਨਾਉ। ਸਭਨਾ ਜੀਆ ਇਕਾ ਛਾਉ॥(ਮਹਲਾ-1)
-ਜਾਤੀ ਦੈ ਕਿਆ ਹਥਿ ਸਚੁ ਪਰਖੀਐ। (ਮਹਲਾ-1)
-ਵਡੇ ਵਡੇ ਜੋ ਦੁਨੀਆਦਾਰ।
ਕਾਹੂ ਕਾਜ ਨਾਹੀ ਗਾਵਾਰ।
ਹਰਿ ਕਾ ਦਾਸ ਨੀਚ ਕੁਲੁ ਸੁਣਹਿ॥
ਤਿਸ ਕੈ ਸੰਗ ਖਿਨ ਮਹਿ ਉਧਰਹਿ॥(ਗਉੜੀ ਮਹਲਾ-5)
-ਆਗੈ ਜਾਤਿ ਨ ਜ਼ੋਰੁ ਹੈ, ਅਗੈ ਜੀਉ ਨ ਵੇ।
ਜਿਨ ਕੀ ਲੇਖੈ ਪਤਿ ਪਵੈ। ਚੰਗੇ ਸੇਈ ਕੇਇ॥(ਮਹਲਾ-1,ਵਾਰ ਆਸਾ)
-ਜਾਤਿ ਜਨਮ ਨ ਪੂਛੀਐ, ਸਚ ਘਰ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ, ਜੇਹੇ ਕਰਮ ਕਮਾਇ॥(ਪ੍ਰਭਾਤੀ ਮਹਲਾ-1)
-ਜਉ ਤੂ ਬ੍ਰਾਹਮਣ ਬ੍ਰਾਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀਂ ਆਇਆ।
ਤੁਮ ਕਤ ਬ੍ਰਾਹਮਣ, ਹਮ ਕਤ ਸੂਦ ?
ਹਮ ਕਤ ਲੋਹੂ, ਤੁਮ ਕਤ ਦੂਧ॥ (ਗਉੜੀ ਕਬੀਰ))

ਇਨ੍ਹਾਂ ਤੇ ਹੋਰ ਪੰਗਤੀਆਂ ਨੂੰ ਵਿਚਾਰਦਿਆਂ ਇਹ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ ਕਿ ਏਥੇ ਕਸਵੱਟੀ 'ਬ੍ਰਹਮਵਿਚਾਰ' ਦੀ ਹੈ। ਬ੍ਰਹਮ ਵਿਚਾਰ ਕਰਨ ਵਾਲਾ ਕਿਸੇ ਵੀ ਜਾਤਿ ਨਾਲ ਜੁੜਿਆ 'ਉਚਾ' ਹੋ ਸਕਦਾ ਹੈ। ਮੱਧਕਾਲ ਵਿਚ ਰਹੱਸਵਾਦੀ ਚਿੰਤਨ ਵਿਚ ਅਜਿਹੇ ਵਿਚਾਰ ਆਉਣੇ ਵੀ ਬੇਹੱਦ ਮਹੱਤਵਪੂਰਣ ਹਨ। ਜਿਨ੍ਹਾਂ ਦੀ ਅਜੋਕੇ ਸਮੇਂ ਵਿਚ ਸਾਰਥਿਕਤਾ ਨੂੰ ਅਸੀਂ ਅੱਖੋਂ ਉਹਲੇ ਨਹੀਂ ਕਰ ਸਕਦੇ ਕਿਉਂਕਿ ਜਾਤ-ਪਾਤ ਦੀ ਸਮੱਸਿਆ ਅੱਜ ਵੀ ਬਹੁਤ ਵੱਡੀ ਸਮੱਸਿਆ ਬਣੀ ਹੋਈ ਹੈ। ਖਾਸ ਕਰਕੇ ਇਸ ਨਾਲ਼ ਜੁੜੀ ਰਾਜਨੀਤੀ ਬੇਹੱਦ ਖਤਰਨਾਕ ਵੀ ਹੋ ਸਕਦੀ ਹੈ। ਇੱਥੇ ਹੀ ਅਸੀਂ ਇਸ ਗੱਲ ਵਲ ਧਿਆਨ ਵੀ ਦੁਆਉਣਾ ਚਾਹੁੰਦੇ ਹਾਂ ਕਿ ਗੁਰਮਤਿ ਸਿੱਖ ਧਰਮ ਦੀ ਵਿਚਾਰਧਾਰਾ ਹੈ। ਵਿਚਾਰਧਾਰਾ ਅਤੇ ਅਮਲ ਵਿਚ ਧਰਮ ਦੇ ਸ਼ੁਰੂਆਤੀ ਦੌਰ ਵਿਚ ਅੰਤਰ ਘੱਟ ਹੁੰਦਾ ਹੈ ਪਰੰਤੂ ਸਮੇਂ ਦੇ ਬੀਤਣ ਨਾਲ ਜੇ ਵਿਚਾਰਧਾਰਾ ਨਾਲੋਂ ਨਾਲੋਂ ਅਮਲ ਵਿਚੋਂ ਗ੍ਰਹਿਣ ਕੀਤੇ ਅਨੁਭਵ ਨੂੰ ਆਤਮਸਾਤ ਨਹੀਂ ਕਰਦੀ ਅਤੇ ਪਰਿਵਰਤਿਤ ਨਹੀਂ ਹੁੰਦੀ ਤਾਂ ਇਹ ਪਾੜਾ ਵਧ ਜਾਂਦਾ ਹੈ। ਏਥੋਂ ਤਕ ਕਿ ਵਿਚਾਰ ਦੁਹਰਾਉਣ ਮਾਤਰ ਲਈ ਰਹਿ ਜਾਂਦੇ ਹਨ, ਜਾਂ ਸਿਰਫ਼ ਪਰੰਪਰਾ ਨਿਭਾਉਣ ਲਈ। ਜਦੋਂ ਕਿਸੇ ਵਿਚਾਰਧਾਰਾ ਉਪਰ ਵਿਚਾਰ ਕਰਨੀ ਸਮਾਪਤ

ਹੋ ਜਾਵੇ ਤਾਂ ਉਹ ਮੱਥਾ ਟੇਕਣ ਲਈ ਰਹਿ ਜਾਂਦੀ ਹੈ। ਅੱਜ ਦੀਆਂ ਧਾਰਮਿਕ ਵਿਚਾਰਧਾਰਾਵਾਂ ਨਾਲ ਇਹੀ ਕੁਝ ਹੋ ਰਿਹਾ ਹੈ। ਬਾਣੀ ਦਲਿਤਾਂ ਨੂੰ ਬਰਾਬਰੀ ਦਿੰਦੀ ਹੈ, ਪਰ ਪੰਜਾਬ ਵਿਚ ਦਲਿਤਾਂ ਉਪਰ ਅਤਿਆਚਾਰ ਵਧ ਰਹੇ ਹਨ। ਬਾਣੀ ਔਰਤ ਦੀ ਬਰਾਬਰੀ ਦੀ ਗੱਲ ਕਰਦੀ ਹੈ, ਪਰ ਮਾਦਾ ਭਰੂਣ ਹੱਤਿਆ ਸਭ ਤੋਂ ਵੱਧ ਪੰਜਾਬ ਵਿਚ ਹੋ ਰਹੀ ਹੈ। ਦਲਿਤ ਅਤੇ ਔਰਤ ਨਾਲ ਜੁੜੇ ਹੋਰ ਮੁੱਦਿਆਂ ਨੂੰ ਵੀ ਇਸੇ ਪ੍ਰਸੰਗ ਵਿਚ ਵਿਚਾਰਿਆ ਜਾਣਾ ਚਾਹੀਦਾ ਹੈ। ਹੋਰ ਤਾਂ ਹੋਰ ਔਰਤ ਨੂੰ ਸਵੇਰੇਂ ਦਰਬਾਰ ਸਾਹਿਬ ਵਿਚ ਪਾਲਕੀ ਨੂੰ ਹੱਥ ਲਾਉਣ ਦੀ ਵੀ ਮਨਾਹੀ ਹੈ, ਪੰਜ ਪਿਆਰਿਆਂ ਵਿਚ ਉਹ ਸ਼ਾਮਿਲ ਨਹੀਂ ਹੋ ਸਕਦੀ। ਕਮਾਲ ਦੀ ਗੱਲ ਤਾਂ ਇਹ ਹੈ ਕਿ ਸਾਰੇ ਧਰਮਾਂ ਦੇ ਨੁਮਾਇੰਦੇ ਕਿਸੇ ਨਾ ਕਿਸੇ ਚੀਜ਼ ਦਾ ਬਹਾਨਾ ਲੈ ਕੇ ਔਰਤ ਦੀ ਭਾਰਤੀ ਪਾਰਲੀਮੈਂਟ ਵਿਚ 33 ਪ੍ਰਤੀਸ਼ਤ ਰਿਜ਼ਰਵੇਸ਼ਨ ਦੇ ਅੱਜ ਤੱਕ ਖਿਲਾਫ਼ ਹਨ। ਜਦੋਂ ਅਸੀਂ ਧਾਰਮਿਕ ਵਿਚਾਰਧਾਰਾ ਨੂੰ ਅਪਨਾਉਂਦੇ ਹਾਂ ਤਾਂ ਇਸ ਅਮਲੀ ਪਾੜੇ ਨੂੰ ਜ਼ਰੂਰੀ ਧਿਆਨ ਵਿਚ ਰੱਖਣਾ ਬਣਦਾ ਹੈ। ਗੁਰਮਤਿ ਵਿਚ ਇਸਤਰੀ ਨੂੰ ਵਿਚਾਰਧਾਰਕ ਪੱਧਰ ਤੇ ਕਾਫ਼ੀ ਉਚੇਰਾ ਦਰਜਾ ਦਿੱਤਾ ਗਿਆ ਹੈ ਪਰ ਨਾਲ 'ਕੰਤ  ਦੀ ਸਰਦਾਰੀ ਵੀ ਨਹੀਂ ਟੁੱਟਣ ਦਿੱਤੀ ਗਈ। ਰੱਬ (ਮਰਦ), ਆਤਮਾ (ਔਰਤ) ਨੂੰ ਆਪਣੀ ਮਰਜ਼ੀ ਅਨੁਸਾਰ ਪਰਵਾਨ ਕਰੇ ਨਾ ਕਰੇ ਇਹ ਉਸ ਦੀ ਮਰਜ਼ੀ ਉੱਪਰ ਨਿਰਭਰ ਹੈ। ਪਰ ਬਰਾਬਰੀ ਦਾ ਸੰਕਲਪ ਵਿਚਾਰਧਾਰਕ ਪੱਧਰ ਤੇ ਵੀ ਕਈ ਪੱਖਾਂ ਤੋਂ ਸਾਡੇ ਲਈ ਲਾਹੇਵੰਦਾ ਹੈ। ਹੇਠ ਲਿਖੀਆਂ ਪੰਗਤੀਆਂ ਬਾਰ ਬਾਰ ਉਚਾਰੀਆਂ ਜਾਂਦੀਆਂ ਹਨ ਪਰ ਅਮਲ ਕਿੰਨਾ ਕੁ ਹੈ ? ਸਾਨੂੰ ਪਤਾ ਹੀ ਹੈ।

-ਭੰਡੁ ਮੂਆ ਭੰਡੁ ਭਾਲੀਐ, ਭੰਡਿ ਹੋਵੈ ਬੰਧਾਨ।
ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ। (ਮਹਲਾ-1, ਵਾਰ ਆਸਾ)

-ਕੰਨਯਾ ਦੇਵੈ ਸਿਖ ਕੋ ਲੇਵੈ ਨਹਿ ਕਛੁ ਦਾਮ।
ਸੋਈ ਮੇਰਾ ਸਿੱਖ ਹੈ ਪਹੁੰਚੈਗੋ ਮਮ ਧਾਮ। (ਸੂਰਜ ਪ੍ਰਕਾਸ਼)

-ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ।
ਪਰ ਧਨੁ ਸੂਅਰ ਗਾਇ ਜਿਉ, ਮਕਰੂਹ ਹਿੰਦੂ ਮੁਸਲਮਾਣੈ। (ਭਾਈ ਗੁਰਦਾਸ)

ਗੁਰਮਤਿ ਵਿਚ ਦਿੱਤੇ ਗਏ ਨੈਤਿਕ ਗੁਣ ਅੱਜ ਵੀ ਸਾਰਥਕ ਹਨ। ਇਥੇ ਨੈਤਿਕਤਾ ਵਿਚ ਪਰਿਵਰਤਨ ਅਤੇ ਸੰਕਲਪ ਉਪਰ ਵਿਚਾਰ ਕਰਨ ਦੀ ਥਾਂ ਨਹੀਂ, ਬਸ ਇੰਨਾ ਹੀ ਕਹਿਣਾ ਕਾਫ਼ੀ ਹੈ ਕਿ ਇਨ੍ਹਾਂ ਦੀ ਪੁਣਛਾਣ ਕਰਕੇ ਸਮਕਾਲੀ ਸਥਿਤੀ ਵਿਚ ਇਨ੍ਹਾਂ ਨੂੰ ਅਮਲ ਵਿਚ ਲਿਆਉਣ ਨਾਲ ਹੀ ਇਨ੍ਹਾਂ ਦੀ ਸਾਰਥਿਕਤਾ ਬਣੇਗੀ। ਇਨ੍ਹਾਂ ਨੈਤਿਕ ਗੁਣਾਂ ਵਿਚ ਸ਼ਾਮਲ ਹਨ- ਜੂਆ ਨਾ ਖੇਡਣਾ, ਖਿਮਾ, ਦਇਆ, ਅਹਿੰਸਾ, ਚੰਗੀ ਸੰਗਤ ਕਰਨਾ, ਸੱਚ ਬੋਲਣਾ, ਦਗ਼ਾ ਨਾ ਦੇਣਾ, ਠੱਗੀ ਨਾ ਮਾਰਨਾ, ਕਿਸੇ ਦਾ ਦਿਲ ਨਾ ਦੁਖਾਉਣਾ, ਦੂਹਰਾ ਕਿਰਦਾਰ ਨਾ ਅਪਨਾਉਣਾ, ਨਿਰਭੈ-ਨਿਰਵੈਰ-ਨਿਰਮਾਣ ਹੋਣਾ, ਪਰਉਪਕਾਰ ਕਰਨਾ, ਕਿਰਤ ਕਮਾਈ ਕਰਕੇ ਖਾਣਾ, ਬਜ਼ੁਰਗਾਂ ਦਾ ਆਦਰ ਮਾਣ ਕਰਨਾ, ਸਮੇਂ ਦੀ ਕਦਰ ਕਰਨਾ, ਖਿਮਾ ਕਰਨਾ, ਸਹਿਜ ਤੇ ਸਹਿਨਸ਼ੀਲ ਹੋਣਾ, ਈਰਖਾ ਆਲਸ ਦਾ ਤਿਆਗ ਕਰਨਾ, ਆਸ਼ਾਵਾਨ ਰਹਿਣਾ, ਨਸ਼ਿਆਂ ਦਾ ਤਿਆਗ ਕਰਨਾ, ਹੰਕਾਰੀ ਨਾ ਹੋਣਾ ਆਦਿ। ਇਨ੍ਹਾਂ ਨੈਤਿਕ ਗੁਣਾਂ ਨੂੰ ਧਾਰਣ ਕਰਨਾ ਅੱਜ ਵੀ ਓਨਾ ਹੀ ਮੁੱਲਵਾਨ ਹੈ ਜਿੰਨਾਂ 15ਵੀਂ -17ਵੀਂ ਸਦੀ ਵਿਚ। ਇੱਥੇ ਕੁਝ ਇਕ ਉਦਾਹਰਣਾਂ ਹੀ ਦੇਖੀਆਂ ਜਾ ਸਕਦੀਆਂ ਹਨ।

-ਘਾਲਿ ਖਾਇ ਕਿਛੁ ਹਥਹੁ ਦੇਹਿ।
ਨਾਨਕ ਰਾਹੁ ਪਛਾਣਹਿ ਸੇਇ। (ਮਹਲਾ ਪਹਿਲਾ)

-ਬਚਨੁ ਕਰੇ ਤੈ ਖਿਸਕਿ ਜਾਇ, ਬੋਲੇ ਸਭੁ ਕਚਾ।
ਅੰਦਰਹੁ ਥੋਥਾ ਕੂੜਿਆਰ ਕੂੜੀ ਸਭ ਖਚਾ। (ਮਹਲਾ ਦੂਜਾ)

-ਵਿਚਿ ਦੁਨੀਆ ਸੇਵ ਕਮਾਈਐ।
ਤਾ ਦਰਗਹ ਬੈਸਣ ਪਾਈਐ। (ਸਿਰੀ ਰਾਗ, ਮਹਲਾ-1)

-ਹਰਖ ਸੋਗ ਜਾ ਕੈ ਨਹੀਂ, ਬੈਰੀ ਮੀਤ ਸਮਾਨ।
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨ। (ਸਲੋਕ ਮਹਲਾ-9)

-ਮੇਰੇ ਮਨ ਤਜਿ ਨਿੰਦਾ, ਹਉਮੈ, ਹੰਕਾਰ। (ਸਿਰੀ ਰਾਗ ਮਹਲਾ-3)

-ਮਾਇਆ ਤਜੀ ਕਿਆ ਭਇਆ, ਜਉ ਮਾਨੁ ਤਜਿਆ ਨਹੀਂ ਜਾਇ।
ਮਾਨ ਮੁਨੀ ਮੁਨਿਵਰ ਗਲੇ, ਮਾਨ ਸਭੈ ਕੋ ਖਾਇ।

-ਕਥਨੈ ਕਹਿਣ ਨ ਛੁਟੀਐ ਨ ਪੜਿ ਪੁਸਤਕ ਭਾਰ। (ਮਹਲਾ-1, ਸਿਰੀ ਰਾਗ)

-ਮਾਨੁਖ ਕਥੈ ਕਥਿ ਲੋਕ ਸੁਨਾਵੈ, ਜੋ ਬੋਲੈ ਸੋ ਨਾ ਬੀਚਾਰੈ। (ਮਹਲਾ-5)
-ਕੂੜਿ ਕਪਟਿ ਕਿਨੈ ਨ ਪਾਇਓ, ਜੋ ਬੀਜੈ ਖਾਵੈ ਸੋਇ। (ਸਿਰੀ ਰਾਗ, ਮਹਲਾ-4)
-ਉਦਮੁ ਕਰੇਦਿਆ ਜੀਉ ਤੂ, ਕਮਾਵੰਦਿਆ ਸੁਖ ਭੁੰਚੁ। (ਮਹਲਾ-5)

-ਕਬੀਰ ਸਾਕਤ ਸੰਗ ਨ ਕੀਜੀਐ, ਦੂਰਹਿ ਜਾਈਐ ਭਾਗਿ।
ਬਾਸਨ ਕਾਰੋ ਪਰਸੀਐ ਤਉ ਕਿਛੁ ਲਾਗੈ ਦਾਗੁ। (ਸਲੋਕ ਕਬੀਰ)

-ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।
ਫਿਕੋ ਫਿਕਾ ਸਦੀਐ, ਫਿਕੇ ਫਿਕੀ ਸੋਇ। (ਮਹਲਾ-1)

-ਕਾਮੁ, ਕ੍ਰੋਧ, ਕਾਇਆ ਕਉ ਗਾਲੈ।
ਜਿਉ ਕੰਚਨ ਸੋਹਾਗਾ ਢਾਲੈ। (ਰਾਮਕਲੀ ਮਹਲਾ-1, ਦਖਣੀ ਓਅੰਕਾਰ) ਆਦਿ

ਅਜੋਕੇ ਸਮੇਂ ਵਿਚ ਜਦੋਂ ਕਿ ਸੰਪ੍ਰਦਾਇਕ ਉਠਾਣ ਨੇ ਮੁੜ ਇਤਿਹਾਸ ਨੂੰ ਪੁੱਠਾ ਗੇੜਾ ਦੇਣਾ ਸ਼ੁਰੂ ਕੀਤਾ ਹੈ ਅਤੇ ਕੱਟੜਵਾਦ ਨੇ ਹਰ ਉਸ ਮੁੱਦੇ ਨੂੰ ਭੰਨਾਉਣ ਦਾ ਤਹੱਈਆ ਕਰ ਲਿਆ ਹੈ, ਜੋ ਅੰਧ ਵਿਸ਼ਵਾਸ਼ਾਂ ਨੂੰ ਪੱਕਾ ਕਰੇ। ਇਹ ਤਾਂਤ੍ਰਿਕਵਾਦ ਵੀ ਹੋ ਸਕਦਾ ਹੈ ਤੇ ਹੋਰ ਬਹੁਤ ਕੁਝ ਵੀ । ਇਹ ਹੋ ਰਿਹਾ ਭਾਰਤੀ ਸੰਸਕ੍ਰਿਤੀ ਦੇ ਨਾਮ ਤੇ। ਸੰਸਕ੍ਰਿਤੀ ਨੇ ਜੋ ਵਿਕਾਸ ਕੀਤਾ ਹੈ ਉਸ ਨੂੰ ਰੱਦ ਕਰਕੇ ਪੱਛਮੀਕਰਨ ਦਾ ਹਊਆ ਖੜਾ ਕਰਕੇ ਮਨੁੱਖਾਂ ਦੇ ਮੂਲਭੂਤ ਅਧਿਕਾਰਾਂ ਨੂੰ ਖੋਹਿਆ ਜਾ ਰਿਹਾ ਹੈ। ਉੱਥੇ ਗੁਰਮਤਿ ਦੀਆਂ ਹੇਠ ਲਿਖੀਆਂ ਟਿੱਪਣੀਆਂ ਨੂੰ ਮੁੜ ਗਹਿਨਤਾ ਵਿਚ ਵਿਚਾਰਨ ਦੀ ਲੋੜ ਹੈ। ਗੁਰਮਤਿ ਤੀਰਥਾਂ ਤੇ ਜਾਣ ਦੀ ਨਿਰਾਰਥਕਤਾ ਨੂੰ ਰੇਖਾਂਕਿਤ ਕਰਦੀ ਹੈ, ਦਿਸ਼ਾ, ਗ੍ਰਹਿ ਵਿਚਾਰ ਦਾ ਖੰਡਨ ਕਰਦੀ ਹੈ, ਅੰਗ ਫਰਕਣ ਦੇ ਵਿਚਾਰਾਂ ਦਾ, ਬਦ-ਨਜ਼ਰ ਨੂੰ ਫ਼ਜ਼ੂਲ ਮੰਨਦੀ ਹੈ; ਅੰਨ ਤਿਆਗ, ਵਰਤ-ਪੂਜਾ, ਸੁਖਣਾ-ਮੰਨਤਾਂ ਦੇ ਵਹਿਮਾਂ ਤੋਂ ਉੱਪਰ ਉੱਠਦੀ ਹੈ, ਵਰ-ਸ਼ਰਾਪ, ਜਿੰਨ-ਭੂਤ-ਪ੍ਰੇਤ-ਬਤਾਲ ਦੀ ਹੋਂਦ ਤੋਂ ਇਨਕਾਰੀ ਹੈ; ਜੰਤਰਾਂ-ਮੰਤਰਾਂ-ਤੰਤਰਾਂ ਤੋਂ ਪਰਹੇਜ਼ ਕਰਦੀ ਹੈ, ਝਾੜ-ਫੂਕ, ਕਰਮ-ਕਾਂਡ, ਟੂਣੇ, ਤਵੀਜ਼, ਮਸਾਣ ਜਗਾਉਣ ਦੇ ਵਿਰੋਧ ਵਿਚ ਹੈ ਅਤੇ ਮੂਰਤੀ ਪੂਜਾ, ਮੜ੍ਹੀ ਮਸਾਣ ਮੰਨਣ ਨੂੰ ਕੁਰਾਹਾ ਮੰਨਦੀ ਹੈ। ਇਸ ਸਭ ਕੁਝ ਨੂੰ ਮਲਟੀਨੈਸ਼ਨਲਾਂ ਮੁੜ ਸੁਰਜੀਤ ਕਰਕੇ ਇਨ੍ਹਾਂ ਦੇ ਵਪਾਰੀਕਰਣ ਦੇ ਰਾਹ ਪਈਆਂ ਹੋਈਆਂ ਹਨ। ਇਸ ਲਈ ਇਨ੍ਹਾਂ ਵਿਚਾਰਾਂ ਨੂੰ ਆਤਮਸਾਤ ਕਰਕੇ ਅਗਾਂਹ ਵਧਣ ਦੀ ਲੋੜ ਹੈ। ਇਸ ਲਈ ਗੁਰਬਾਣੀ ਦੀਆਂ ਹੇਠ ਲਿਖੀਆਂ ਪੰਗਤੀਆਂ ਬਾਰ ਬਾਰ ਵਿਚਾਰੀਆਂ ਜਾਣੀਆਂ ਚਾਹੀਦੀਆਂ ਹਨ।

-ਗੁਰਮੁਖ ਮਾਰਗ ਮੈ ਮਨਮੁਖ ਥਕਿਤ ਹੈ,
ਲਗਨ ਸਗਨ ਮਾਨੈ, ਕੈਸੇ ਮਨ ਮਾਨੀਐ ?-
-ਤੀਰਥ ਧਰਮ ਦੇਵ ਜਾਤ੍ਰਾ ਕੋ ਪੰਡਿਤ ਪੂਛ,
ਕਰਤ ਗਵਨ, ਸੋ ਮਹੂਰਤ ਸੋਧਾਵਈ।
ਬਾਹਰਿ ਨਿਕਸ ਗਰਧਭ ਸ੍ਵਾਨ ਸਗਨ ਕੈ,
ਸ਼ੰਕਾ ਉਪਰਾਜਿਤ ਬਹੁਰ ਘਰ ਆਵਈ।

-ਪੂਛਤ ਨ ਜੋਕਤ ਔ ਬੇਦ ਥਿਤ ਵਾਰ ਕਛੁ,
ਗ੍ਰਹ ਔ ਨਛੱਤ੍ਰ ਕੀ ਨਾ ਸ਼ੰਕਾ ਉਰਧਾਰੀ ਹੈ।
ਜਾਨਤ ਨ ਸ਼ਗਨ ਲਗਨ ਆਨ ਦੇਵ ਸੇਵ,
ਸ਼ਬਦ ਸੁਰਤਿ ਲਿਵ ਨੇਹ ਨਿਰੰਕਾਰੀ ਹੈ (ਕਬਿੱਤ, ਭਾਈ ਗੁਰਦਾਸ)

-ਕਾਮਣਿਆਰੀ ਕਾਮਣ ਪਾਏ ਬਹੁ ਰੰਗੀ ਗਲਿ ਤਾਗਾ।
ਹੋਛੀ ਮਤਿ ਭਇਆ ਮਨ ਹੋਛਾ ਗੁੜ ਸਾ ਮੱਖੀ ਖਾਇਆ। (ਵੰਡਹਸ ਮਹਲਾ-1)

-ਕਬੀਰ ਹਰਿ ਕਾ ਸਿਮਰਨ ਛਾਡਿ ਕੈ ਰਾਤਿ ਜਗਾਵਨ ਜਾਇ।
ਸਰਪਨ ਹੋਇ ਕੈ ਅਉਤਰੈ ਜਾਏ ਅਪਨੇ ਖਾਇ। (ਕਬੀਰ)

-ਨ ਜੰਤ੍ਰ ਮੇ ਨ ਤ੍ਰੰ ਮੇ ਨ ਮੰਤ੍ਰ ਬਸਿ ਆਵਈ।
ਪੁਰਾਨ ਔ ਕੁਰਾਨ ਨੇਤਿ ਨੇਤਿ ਕੈ ਬਤਾਵਈ।
ਨ ਕਰਮ ਮੇ ਨ ਧਰਮ ਮੇ ਨ ਭਰਮ ਮੇ ਬਤਾਈਐ।
ਅਗੰਜ ਆਦਿ ਦੇਵ ਹੈ, ਕਹੋ ਸੁ ਕੈਸ ਪਾਈਐ। (ਅਕਾਲ ਉਸਤਤਿ)

-ਬਹੁ ਭੇਖ ਕੀਆ ਦੇਹੀ ਦੁਖ ਕੀਆ।
ਸਹੁ ਵੇ ਜੀਆ, ਆਪਣਾ ਕੀਆ।
ਅੰਨੁ ਨ ਖਾਇਆ, ਸਾਦੁ ਗਵਾਇਆ।
ਬਹੁ ਦੁਖ ਪਾਇਆ, ਦੂਜਾ ਭਾਇਆ।
ਬਸਤ੍ਰ ਨ ਪਹਿਰੈ, ਅਹਿਨਿਸ ਕਹਰੈ।
ਮੋਨਿ ਵਿਗੂਤਾ, ਕਿਉ ਜਾਗੈ ਗੁਰ ਬਿਨ ਸੂਤਾ?
ਪਗ ਉਪੇਤਾਣਾ। ਆਪਣਾ ਕੀਆ ਕਮਾਣਾ।....
ਰਹੇ ਬੇਬਾਣੀ, ਮੜੀ ਮਸਾਣੀ
ਅੰਧੁ ਨ ਜਾਣੈ ਫਿਰਿ ਪਛੁਤਾਣੀ। (ਵਾਰ ਆਸਾ ਮਹਲਾ-1)
-ਗਜ ਸਾਢੇ ਤੈ ਤੈ ਧੋਤੀਆ, ਤਿਹਰੇ ਪਾਇਨਿ ਤਗ।
ਗਲੀ ਜਿਨਾ ਜਪਮਾਲੀਆ, ਲੋਟੇ ਹਥਿ ਨਿਬਗ।
ਓਇ ਹਰ ਕੇ ਸੰਤ ਨ ਆਖੀਅਹਿ, ਬਾਨਾਰਸਿ ਕੇ ਠਗ। (ਕਬੀਰ)

ਅਜਿਹੀਆਂ ਸੈਂਕੜੇ ਉਦਾਹਰਣਾਂ ਹੋਰ ਵਿਚਾਰੀਆਂ ਜਾਂ ਸਕਦੀਆਂ ਹਨ। ਉਪਰੋਕਤ ਵਿਚਾਰ ਤੋਂ ਬਾਦ ਸਾਡੇ ਕੁਝ ਸਿੱਟੇ ਨਿਕਲੇ ਹਨ। ਇਹ ਠੀਕ ਹੈ ਕਿ ਉੱਠਦਾ ਧਰਮ ਕਿਸੇ ਜਮਾਤ ਦਾ ਹਿੱਤ ਪੂਰਦਾ ਹੈ ਤੇ ਉਹ ਕਾਬਜ਼ ਜਮਾਤ ਦੇ ਖਿਲਾਫ਼ ਪ੍ਰਗਤੀਵਾਦੀ ਹੁੰਦਾ ਹੈ। ਕਿਸੇ ਵੀ ਵਿਸ਼ਵ ਦ੍ਰਿਸ਼ਟੀਕੋਣ ਤੋਂ ਧਰਮ ਦਾ ਅਧਿਐਨ ਕਰਨ ਸਮੇਂ ਦਵੰਦਵਾਦੀ ਭੌਤਿਕਵਾਦੀ ਨਜ਼ਰੀਆਂ ਰੱਖਣ ਵਾਲੇ ਨੂੰ ਜਮਾਤੀ ਦ੍ਰਿਸ਼ਟੀਕੋਣ ਦਾ ਤਿਆਗ ਨਹੀਂ ਕਰਨਾ ਚਾਹੀਦਾ। ਨਹੀਂ ਤਾਂ ਸਿੱਟੇ ਕਿਸ਼ਨ ਸਿੰਘ ਵਾਲੇ ਜਾਂ ਗੁਰਮੀਤ ਸਿੰਘ ਟਿਵਾਣਾ ਵਾਲੇ ਨਿਕਲਣਗੇ। ਇਨ੍ਹਾਂ ਨਾਲੋਂ ਤਾਂ ਸਿੱਖ ਰੈਸ਼ਨਲ ਬੁੱਧੀਜੀਵੀ ਵਧੇਰੇ ਯਥਾਰਥਕ ਹਨ, ਭਾਵੇਂ ਉਹ ਮਾਰਕਸਵਾਦ ਨਾਲੋਂ ਆਪਣੇ ਧਰਮ ਨੂੰ ਵਡਿਆਉਂਦੇ ਹਨ। ਸੰਤ ਸਿੰਘ ਸੇਖੋਂ ਵਧੇਰੇ ਬਾਹਰਮੁੱਖੀ ਹੈ। ਗੁਰਬਾਣੀ ਦੀ ਬੌਧਿਕਤਾ, ਇਤਿਹਾਸਕ, ਸਮਾਜਿਕ ਅਨੁਭਵ ਸਾਡੇ ਲਈ ਵਧੇਰੇ ਸਾਰਥਕ ਹਨ। ਸਿੱਖ ਧਰਮ ਛੋਟੇ ਵਪਾਰੀ ਵਰਗ ਦੀ ਅਗਵਾਈ ਵਿਚ ਦਲਿਤਾਂ ਤੇ ਗਰੀਬ ਕਿਸਾਨਾਂ ਦਾ ਅੰਦੋਲਨ ਸੀ। ਦੂਜੇ ਸ਼ਬਦਾਂ ਵਿਚ ਵੈਸ਼ ਤੇ ਸ਼ੂਦਰ ਇੱਕਠੇ ਜਾਗੀਰਦਾਰੀ ਦੇ ਵਿਰੁੱਧ ਵਿਚ ਉੱਠਦੇ ਹਨ। ਗੁਰੂ ਗੋਬਿੰਦ ਸਿੰਘ ਤੋਂ ਬਾਅਦ ਬਿਖਰਾਅ ਦੀ ਸਥਿਤੀ ਵਿਚੋਂ ਲੰਘਕੇ ਮੁੜ ਜਾਗੀਰਦਾਰੀ ਸਥਾਪਿਤ ਹੋ ਜਾਂਦੀ ਹੈ। ਅੰਗ੍ਰੇਜ਼ਾਂ ਦੇ ਆਉਣ ਨਾਲ ਆਧੁਨਿਕ ਯੁੱਗ ਸ਼ੁਰੂ ਹੁੰਦਾ ਹੈ ਤੇ ਹੁਣ ਅਸੀਂ 1960 ਤੋਂ ਬਾਦ ਨਵ-ਸਾਮਰਾਜਵਾਦੀ ਸਥਿਤੀ ਵਿਚ ਵਿਚਰ ਰਹੇ ਹਾਂ। ਪੂਰਵ ਆਧੁਨਿਕ ਕਾਲ ਵਿਚ ਪੈਦਾ ਹੋਈਆਂ ਕਦਰਾਂ-ਕੀਮਤਾਂ ਬਾਅਦ ਵਿਚ ਨਵ-ਸਾਮਰਾਜਵਾਦ ਉੱਕਾ ਹੀ ਤਿਆਗ ਦਿੰਦਾ ਹੈ; ਸਿਵਾਏ ਅਰਾਜਕਤਾ ਤੇ ਅਤਿ ਦੇ ਵਿਅਕਤੀਵਾਦ ਦੇ। ਇਨ੍ਹਾਂ ਦੇ ਚਲਦੇ ਉਹ ਸਾਰੀਆਂ ਬਿਮਾਰੀਆਂ ਫਿਰ ਸਿਰ ਚੁੱਕਦੀਆਂ ਹਨ ਜਿਨ੍ਹਾਂ ਖਿਲਾਫ਼ ਪੂਰਵ ਆਧੁਨਿਕ ਅਤੇ ਆਧੁਨਿਕ ਕਾਲ ਵਿਚ ਲੜਿਆ ਗਿਆ ਸੀ। ਇਸੇ ਲਈ ਪੂਰਵਲੀਆਂ ਕਦਰਾਂ ਕੀਮਤਾਂ ਦੀ ਮੁੜ ਤੋਂ ਪੁਣ-ਛਾਣ ਕਰਕੇ ਨਵ-ਸਾਮਰਾਜਵਾਦ ਵਿਰੁੱਧ ਵਰਤਣ ਤੇ ਏਕਾ ਬਣਾਉਣ ਦੀ ਲੋੜ ਹੈ। ਇਸ ਸਮੇਂ ਸਿੱਖ ਧਰਮ ਦੇ ਸਿਧਾਂਤ ਤੇ ਵਿਹਾਰ ਵਿਚੋਂ ਪਦਾਰਥਕ ਖੁਸ਼ਹਾਲੀ, ਔਰਤ ਤੇ ਦਲਿਤ ਦੀ ਬਰਾਬਰੀ, ਸੰਪ੍ਰਦਾਇਕ ਏਕਤਾ, ਲੋਕਰਾਜ ਸੰਬੰਧੀ ਵਿਚਾਰਾਂ ਦੇ ਨਾਲ ਨਾਲ ਨੈਤਿਕ ਕਦਰਾਂ ਕੀਮਤਾਂ ਅਪਣਾ ਕੇ ਅਤੇ ਅੰਧ ਵਿਸ਼ਵਾਸ਼ਾਂ ਦੇ ਅਨੇਕਾਂ ਪੱਖਾਂ ਵਿਰੁੱਧ ਮੁਹਿੰਮ ਵਿੱਢ ਕੇ ਨਵੀਂ ਲਹਿਰ ਦੀ ਉਸਾਰੀ ਵਿਚ ਹਿੱਸਾ ਪਾਇਆ ਜਾ ਸਕਦਾ ਹੈ। ਇਹੀ ਹੈ ਪ੍ਰਾਸੰਗਿਕਤਾ ਗੁਰਮਤਿ ਦੀ ਅਜੋਕੇ ਨਵ-ਸਾਮਰਾਜਵਾਦ ਦੇ ਦੌਰ ਵਿਚ।

## ਹਵਾਲੇ ਤੇ ਟਿੱਪਣੀਆਂ

1. ਸਿੱਖ ਲਹਿਰ, ਪੰਨਾ-13.
2. ਉਹੀ, ਪੰਨਾ-148.
3. ਗੁਰਬਾਣੀ ਦਾ ਸੱਚ, ਪੰਨਾ-110.
4. ਸਿੱਖ ਇਨਕਲਾਬ ਦਾ ਮੋਢੀ ਗੁਰੂ ਨਾਨਕ, ਪੰਨਾ-10.
5. ਧਰਮ ਬਨਾਮ ਮਾਰਕਸਵਾਦ, ਪੰਨਾ-11.
6. ਉਹੀ, ਪੰਨਾ-17.
7. ਉਹੀ, ਪੰਨਾ-18.
8[ Philisphy of Guru Nanak, ਪ-167।
9. ਉਹੀ, ਪੰਨਾ-168.
10. ਧਰਮ ਬਨਾਮ ਮਾਰਕਸਵਾਦ, ਪੰਨਾ-19
11. ਪੰਜਾਬੀ ਕਾਵਿ ਸ਼ਰੋਮਣੀ, ਪੰਨਾ-12.
12. ਉਹੀ, ਪੰਨਾ-90
13. -ਉਹੀ-
14. ਪੰਜਾਬੀ ਕਾਵਿ ਸ਼ਰੋਮਣੀ, ਪੰਨਾ-59.
15. ਗੁਰੂ ਨਾਨਕ, ਪੰਨਾ-42.
16. ਪੰਜਾਬੀ ਕਾਵਿ ਸ਼ਰੋਮਣੀ, ਪੰਨਾ-53.
17. ਪੰਜਾਬੀ ਕਾਵਿ ਸ਼ਰੋਮਣੀ, ਪੰਨਾ-40.
18. ਉਹੀ, ਪੰਨਾ-38.
19. ਉਹੀ, ਪੰਨਾ-160.
20. ਗੁਰੂ ਨਾਨਕ, ਪੰਨਾ-50.
21. ਇੰਨਟਰਨੈਟ ਤੋਂ
22. ਗੁਰੂ ਨਾਨਕ, ਪੰਨਾ-93.

## ਪੁਸਤਕ ਸੂਚੀ


ਸੰਤ ਸਿੰਘ ਸੇਖੋਂ, ਪੰਜਾਬੀ **ਕਾਵਿ ਸ਼ਿਰੋਮਣੀ**, ਲਾਹੌਰ ਬੁੱਕ ਸ਼ਾਪ ਲੁਧਿਆਣਾ 1964

ਕਿਸ਼ਨ ਸਿੰਘ, ਸਿੱਖ **ਇਨਕਲਾਬ ਦਾ ਮੋਢੀ ਗੁਰੂ ਨਾਨਕ**, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1973.

—————, ਸਿੱਖ **ਲਹਿਰ**, ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ ਦਿੱਲੀ, 1978

——————,**ਸਾਹਿਤ ਦੀ ਸਮਝ**, ਸੇਧ ਪ੍ਰਕਾਸ਼ਨ, ਨਵੀਂ ਦਿੱਲੀ, 1974.

——————,**ਗੁਰਬਾਣੀ ਦਾ ਸੱਚ**, ਸੇਧ ਪ੍ਰਕਾਸ਼ਨ, ਨਵੀਂ ਦਿੱਲੀ, 1976.

ਗੁਰਮੀਤ ਸਿੰਘ, ਟਿਵਾਣਾ, ਧਰਮ **ਬਨਾਮ ਮਾਰਕਸਵਾਦ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004.

**ਗੁਰੂ ਨਾਨਕ**, ਪ੍ਰਗਤੀ ਪ੍ਰਕਾਸ਼ਨ, ਮਾਸਕੋ,1977

Surinder Singh Kohli, Publication Bureau P. U. Chd, AIFII

Received on 28-3-2007
Re: Next Meeting of Desh Bhagat Yadgar Committee Meeting on 2/4/07

ਸਤਿਕਾਰਯੋਗ ਜਨਰਲ ਸਕੱਤਰ

ਅਤੇ ਸਮੂਹ ਮੈਂਬਰਾਨ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ

ਆਦਰ ਸਹਿਤ ਬੇਨਤੀ ਹੈ ਕਿ ਸਾਡੇ ਵੀ ਬਜ਼ੁਰਗ ਉਨ੍ਹਾਂ ਸਾਥੀਆਂ ਵਿਚੋਂ ਸਨ, ਜਿਹੜੇ ਹਿੰਦੋਸਤਾਨਟੀ ਮਜ਼ਦੂਰ ਸਭਾ ਦੇ ਬਾਨੀਆਂ ਵਿਚੋਂ ਸਨ ਅਤੇ ਅਸੀਂ ਗ਼ਦਰ ਪਾਰਟੀ ਦੇ ਗੌਰਵਮਈ ਵਿਰਸਾ ਦੇਸ਼ ਭਗਤ ਯਾਦਗਾਰ ਹਾਲ ਨਾਲ ਤਨੋ, ਮਨੋ ਤੇ ਧਨੋਂ ਜੁੜੇ ਹੋਏ ਹਾਂ ਅਤੇ ਗ਼ਦਰੀ ਬਾਬਿਆਂ ਦੀ ਸੋਚ ਨੂੰ ਪ੍ਰਣਾਏ ਹੋਏ ਹਾਂ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਨਵੇਂ ਮੈਂਬਰਾਂ ਦੀ ਚੋਣ ਬਾਰੇ ਤੁਹਾਡੇ ਨਾਲ ਕੁੱਝ ਜਜ਼ਬਾਤ ਸਾਂਝੇ ਕਰਨੇ ਚਹੁੰਦਾ ਹਾਂ। ਮੈਂਬਰਾਂ ਦੀ ਚੋਣ ਬਾਰੇ ਇਸ ਸੰਸਥਾ ਦੇ ਗੌਰਵਮਈ ਵਿਰਸੇ ਅਤੇ ਬਾਬਿਆਂ ਦੀ ਸੋਚ ਨੂੰ ਜ਼ਰੂਰ ਸਾਹਮਣੇ ਰੱਖਿਆ ਜਾਵੇ। ਸਾਡਾ ਪਰਿਵਾਰ ਵੀ ਉਨ੍ਹਾਂ ਲੋਕਾਂ 'ਚੋਂ ਹੈ ਜਿਸਨੇ 1958 ਵਿਚ ਦੇਸ਼ ਭਗਤ ਯਾਦਗਾਰ ਦੀ ਉਸਾਰੀ ਲਈ ਪਹਿਲੀ ਉਗਰਾਹੀ ਮੌਕੇ ਬਾਬਾ ਕਰਮ ਸਿੰਘ ਚੀਮਾ, ਬਾਬਾ ਬੂਝਾ ਸਿੰਘ, ਬਾਬਾ ਗੁਰਮੁੱਖ ਸਿੰਘ ਅਤੇ ਬਾਬਾ ਭੋਲਾ ਸਿੰਘ ਚੀਮਾ ਸਾਡੇ ਨਿਵਾਸ ਅਸਥਾਨ ਕਾਵੈਂਟਰੀ ਵਿਖੇ ਰਹੇ ਅਤੇ ਮੈਂ ਤੇ ਮੇਰਾ ਭਰਾ ਅਜੀਤ ਸਿੰਘ ਚੀਮਾ ਉਸ ਵੇਲੇ ਦੋ ਮਹੀਨੇ ਉਨ੍ਹਾਂ ਦੀ ਸੇਵਾ ਕਰਦੇ ਹੋਏ ਆਪਣੀ ਕਾਰ ਲੈ ਕੇ ਉਗਰਾਹੀ ਕੀਤੀ। ਇਸ ਉਗਰਾਹੀ ਵਿਚ ਕਾਵੈਂਟਰੀ ਦੇ ਹੋਰ ਪੰਜਾਬੀਆਂ ਅਤੇ ਮਜ਼ਦੂਰ ਸਭਾ ਦੇ ਲੀਡਰਾਂ ਨੇ 1750 ਪੌਂਡ ਕਾਵੈਂਟਰੀ ਸ਼ਹਿਰ 'ਚੋਂ ਇਕੱਠੇ ਕਰਕੇ ਦਿੱਤੇ ਅਤੇ ਇੰਗਲੈਂਡ ਦੇ ਦੂਜੇ ਸ਼ਹਿਰਾਂ ਵਿਚੋਂ ਲਗਭਗ ਸਾਢੇ ਸੱਤ ਹਜ਼ਾਰ ਪੌਂਡ ਇਕੱਠੇ ਕਰਕੇ ਦਿੱਤੇ। ਬਾਅਦ ਵਿਚ ਵੀ ਅਨੇਕਾਂ ਵਾਰ ਯਾਦਗਾਰ ਹਾਲ ਲਈ ਫੰਡ ਇਕੱਠਾ ਕੀਤਾ ਗਿਆ ਜਿਸਦੀ ਲਿਸਟ ਤੁਸੀਂ ਦੇਸ਼ ਭਗਤ ਯਾਦਗਾਰ ਹਾਲ ਦੇ ਪੱਥਰ 'ਤੇ ਛਾਪੀ ਹੋਈ ਹੈ। ਪਰ ਪਹਿਲੀ ਉਗਰਾਹੀ ਦਾ ਇਥੇ ਕੋਈ ਵੇਰਵਾ ਨਹੀਂ ਮਿਲਦਾ। ਮੈਂ ਹੁਣ ਵੀ ਆਪਣਾ ਬਣਦਾ ਯੋਗਦਾਨ ਪਾਉਂਦੇ ਆ ਰਹੇ ਹਾਂ।

ਵਿਦੇਸ਼ਾਂ ਵਿਚ ਹੋਰ ਵੀ ਬਹੁਤ ਸਾਰੀਆਂ ਸੰਸਥਾਵਾਂ ਹਨ ਜਿਹੜੀਆਂ ਆਪਣੇ ਦੇਸ਼ ਭਗਤ ਯਾਦਗਾਰ ਹਾਲ ਦੀ ਸੋਚ ਨਾਲ ਜੁੜੀਆਂ ਹੋਈਆਂ ਹਨ। ਅਸੀਂ ਮਹਿਸੂਸ ਕਰਦੇ ਹਾਂ ਕਿ ਨਵੇਂ ਮੈਂਬਰਾਂ ਦੀ ਚੋਣ ਵੇਲੇ ਪਿਤਾ-ਪੁਰਖੀ ਨਜ਼ਰੀਆ ਛੱਡ ਕੇ ਇਸ ਵਿਚ ਹਰ ਪੱਖੋਂ ਇਸ ਸੋਚ ਨਾਲ ਜੁੜੇ ਹੋਰਾਂ ਮਿਆਰਾਂ ਨੂੰ ਧਿਆਨ 'ਚ ਰੱਖਿਆ ਜਾਵੇ ਤਾਂ ਜੋ ਇਸ ਸੰਸਥਾ ਦਾ ਗੌਰਵਮਈ ਵਿਰਸਾ ਅਗਲੀਆਂ ਪੀੜ੍ਹੀਆਂ ਲਈ ਇਕ ਮਿਸਾਲ ਬਣ ਸਕੇ।

ਇਸ ਸੰਬੰਧੀ ਅਸੀਂ ਇੰਗਲੈਂਡ ਤੋਂ ਪਹਿਲਾਂ ਵੀ ਤੁਹਾਨੂੰ ਇਕ ਪੱਤਰ ਲਿਖ ਚੁੱਕੇ ਹਾਂ ਜਿਸ ਉੱਤੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਦੇ ਦਸਤਖ਼ਤ ਹਨ। ਉਮੀਦ ਹੈ ਤੁਸੀਂ ਸਾਡੇ ਜਜ਼ਬਾਤਾਂ ਨੂੰ ਜ਼ਰੂਰ ਵਿਚਾਰੋਗੇ।

ਇਨਕਲਾਬੀ ਸ਼ੁੱਭ ਇਛਾਵਾਂ ਸਹਿਤ !

ਸੋਹਣ ਚੀਮਾ

ਸਪੁੱਤਰ

ਬਾਬੂ ਕਰਮ ਸਿੰਘ ਚੀਮਾ

(ਬਾਨੀ ਹਿੰਦੋਸਤਾਨੀ ਮਜ਼ਦੂਰ ਸਭਾ, ਜੀ. ਬੀ.)

14 GIBBET HILL ROAD
COVENTRY. U.K.
C.V.4.7.A.J
TEL 0044. 24764121922

# ਦੇਸ਼ ਭਗਤ ਯਾਦਗਾਰ ਕਮੇਟੀ

ਜੀ, ਟੀ. ਰੋਡ, ਜਲੰਧਰ । ਫੈਕਸ ਤੇ ਫੋਨ : 0181-2458224, 4618224.

1. ਕਾ. ਭਗਤ ਸਿੰਘ ਬਿਲਗਾ (ਪ੍ਰਧਾਨ)
ਪਿੰਡ ਤੇ ਡਾਕ. ਬਿਲਗਾ (ਜਲੰਧਰ)
ਫੋਨ : 951826-245139

2. ਕਾ. ਗੁਰਚਰਨ ਸਿੰਘ ਕੋਛੜ (ਜਨਰਲ ਸਕੱਤਰ)
B-4/251, ਨਵਿਆਂ ਬਜ਼ਾਰ, ਨੂਰਮਹਿਲ।
ਜਲੰਧਰ। M-98145-74714.

3. ਐਡਵੋਕੇਟ ਦਰਬਾਰਾ ਸਿੰਘ ਢਿੱਲੋਂ
(ਵਾਈਸ ਪ੍ਰੈਜ਼ੀਡੈਂਟ)
18-ਡੀਫੈਂਸ ਕਲੋਨੀ, ਜਲੰਧਰ।
R- 2223707
M- 98153-42669
O- 5082224.

4. ਕਾ. ਨੌਨਿਹਾਲ ਸਿੰਘ (ਸਹਾਇਕ ਸਕੱਤਰ)
ਪਿੰਡ ਤੇ ਡਾਕ. ਗੜ੍ਹਾ, ਨੇੜੇ ਪੁਲਿਸ ਚੌਂਕੀ (ਜਲੰਧਰ)
ਫੋਨ : 0181-2481783

5. ਕਾ. ਰਘਬੀਰ ਸਿੰਘ ਛੀਨਾ (ਖਜਾਨਚੀ)
424, ਗੁਰੂ ਤੇਗ ਬਹਾਦਰ ਨਗਰ, ਜਲੰਧਰ
ਫੋਨ : 0181-2275061

6. ਕਾ. ਜਗਜੀਤ ਸਿੰਘ ਲਾਇਲਪੁਰੀ (ਟਰੱਸਟੀ)
833/5, ਗੁਰੂ ਕ੍ਰਿਸ਼ਨਾ ਨਗਰ, ਲੁਧਿਆਣਾ
ਫੋਨ : 951861-2428353

7. ਡਾ. ਪ੍ਰੇਮ ਸਿੰਘ
H.No-1126, ਸੈਕਟਰ-71
ਮੋਹਾਲੀ
0172- 2260082
M- 98151-41702

8. ਕਾ. ਰਛਪਾਲ ਸਿੰਘ (ਟਰੱਸਟੀ)
ਸੀ. ਪੀ. ਆਈ. ਐਮ. ਦਫ਼ਤਰ,
ਹਰਨਾਮ ਦਾਸ ਨਗਰ, ਲੁਧਿਆਣਾ
ਫੋਨ : 95161-2657038
-2657536

9. ਪ੍ਰੋ: ਇੰਦਰਬੀਰ ਕੌਰ
H.No-1126, ਸੈਕਟਰ-71
ਮੋਹਾਲੀ - 98151-41702
0172 - 2260082.

10. ਕਾ. ਕੁਲਵੰਤ ਸਿੰਘ ਸੰਧੂ (ਟਰੱਸਟੀ)
ਪਿੰਡ ਤੇ ਡਾਕ. ਰੁੜਕਾ ਕਲਾਂ (ਜਲੰਧਰ)
ਫੋਨ : 951826-276012
98154-07892.

11. ਕਾ. ਅਮੋਲਕ ਸਿੰਘ (ਟਰੱਸਟੀ)
ਦੇਸ਼ ਭਗਤ ਯਾਦਗਾਰ ਹਾਲ, ਜਲੰਧਰ
ਫੋਨ : M-94170-76735

12. ਕਾ. ਗੁਰਮੀਤ ਸਿੰਘ ਢੱਡਾ (ਟਰੱਸਟੀ)
ਪਿੰਡ ਢੱਡਾ ਡਾਕ. ਹਜ਼ਾਰਾ (ਜਲੰਧਰ)
ਫੋਨ : 0181-2747783, 98720-89144.

13. ਕਾ ਗੁਰਮੀਤ (ਟਰੱਸਟੀ ਕਨਵੀਨਰ ਸਭਿਆਚਾਰਕ ਵਿੰਗ)
707, ਅਰਬਨ ਐਸਟੇਟ ਫੇਜ਼-, ਜਲੰਧਰ
ਫੋਨ : 181-2481506, 98149-64455.

14. ਕਾ. ਅਜਮੇਰ ਸਿੰਘ (ਟਰੱਸਟੀ)
ਪਿੰਡ ਤੇ ਡਾਕ. ਸਮਰਾਏ (ਜਲੰਧਰ),
ਕੇ. ਕੇ. ਯੂ. ਦਫ਼ਤਰ ਹਿੰਦ ਸਮਾਚਾਰ ਗਲੀ, ਜਲੰਧਰ
ਫੋਨ : 951826-275243
m-98153-26645

15. ਕਾ. ਸੁਰਿੰਦਰ ਕੁਮਾਰੀ ਕੋਛੜ (ਟਰੱਸਟੀ)
ਨੂਰਬਾਗ, ਨੂਰਮਹਿਲ (ਜਲੰਧਰ)
ਫੋਨ : 98145-74714,

16. ਕਾ. ਕੁਲਵੰਤ ਸਿੰਘ (ਟਰੱਸਟੀ) ਐਕਸ ਐਮ. ਐਲ. ਏ.
ਪਿੰਡ ਬਸੰਤ ਨਗਰ ਡਾਕ. ਦਾਰਾਪੁਰ (ਆਦਮਪੁਰ)
(ਜਲੰਧਰ) ਫੋਨ : 0181-2721112
M - 94177-12733

(P.T.O)

17 ਡਾ. ਹਰਮਿੰਦਰਜੀਤ ਕੌਰ ਜੋਗਾ (ਟਰੱਸਟੀ)
ਜੋਗਾ ਨਰਸਿੰਗ ਹੋਮ
ਨਿਊ ਕੋਰਟ ਰੋਡ, ਮਾਨਸਾ
ਫੋਨ : 951652-226350,
232960.

18 ਕਾ. ਅਮਰਜੀਤ ਸਿੰਘ ਪੋਤਰਾ ਸ਼ਹੀਦ
ਬਾਬਾ ਈਸ਼ਰ ਸਿੰਘ
VPO: ਢੁੱਡੀਕੇ ਜ਼ਿਲ੍ਹਾ ਮੋਗਾ
951636-269378.

19 ਕਾ. ਮੰਗਤ ਰਾਮ ਪਾਸਲਾ (ਟਰੱਸਟੀ)
ਪਿੰਡ ਤੇ ਡਾਕ. ਪਾਸਲਾ (ਜਲੰਧਰ)
ਫੋਨ : 0181-2721112
M - 98141-82998

20 ਕਾ. ਗੁਰਸ਼ਰਨ ਸਿੰਘ (ਟਰੱਸਟੀ)
1245 ਸੈਕਟਰ 43-ਬੀ. ਚੰਡੀਗੜ੍ਹ
ਫੋਨ : 95172[illegible]

21 ਕਾ. ਅਜੀਤ ਸਿੰਘ ਰਾਮੇਵਾਲ (ਟਰੱਸਟੀ)
2 ELTON CRAFT DERBI D.B.E
SOLIHUL, BIRMINGHAM U.K.

22 ਕਾ. ਗੁਰਬਖਸ਼ ਸਿੰਘ ਬੱਨੋਆਣਾ (ਟਰੱਸਟੀ)
662, ਮੋਤਾ ਸਿੰਘ ਨਗਰ, ਜਲੰਧਰ
ਫੋਨ : 0181-2234662

23 ਕਾ. ਚੰਦ ਸਿੰਘ ਚੋਪੜਾ (ਟਰੱਸਟੀ)
ਚਮਕ ਭਵਨ, ਸਾਹਮਣੇ ਬਸ ਸਟੈਂਡ, ਸੰਗਰੂਰ
M - 94173-54450.

24 ਕਾ. ਚੈਨ ਸਿੰਘ ਚੈਨ
ਦੇਸ਼ ਭਗਤ ਯਾਦਗਾਰ ਹਾਲ,
ਜਲੰਧਰ।
98762-99506

25 ਡਾ. ਰਘੁਬੀਰ ਕੌਰ ਸੁਹੇਲ
136-C, ਗੁਰਜੀਤ ਨਗਰ, ਗੜ੍ਹਾ ਰੋਡ
ਜਲੰਧਰ
0181-2482466
M - 94172-25365

26 ਕਾ. ਸਤਪਾਲ ਡਾਂਗ (ਟਰੱਸਟੀ)
ਏਕਤਾ ਭਵਨ, ਛੇਹਰਟਾ, ਅੰਮ੍ਰਿਤਸਰ
ਫੋਨ : 95183-2258631
- 2255265

27 ਕਾ. ਬਿਮਲਾ ਡਾਂਗ (ਟਰੱਸਟੀ)
ਏਕਤਾ ਭਵਨ, ਛੇਹਰਟਾ, ਅੰਮ੍ਰਿਤਸਰ
ਫੋਨ : 95183-2258631
- 2255265

28 ਕਾ. ਕਰਨੈਲ ਸਿੰਘ (ਟਰੱਸਟੀ)
ਮੁਹੱਲਾ ਚੌਧਰੀਆਂ, ਫਿਲੌਰ (ਜਲੰਧਰ)
01826-224865

29 ਕਾ. ਬਲਵੰਤ ਸਿੰਘ (ਟਰੱਸਟੀ)
ਚੀਮਾ ਭਵਨ, ਸੈਕਟਰ-30 ਬੀ., ਚੰਡੀਗੜ੍ਹ

30 ਕਾ: ਭਗਤ ਸਿੰਘ (ਟਰੱਸਟੀ)
ਸੀ. ਪੀ. ਆਈ. (ਐਮ) ਦਫਤਰ,
ਨੂਰਪੁਰ ਰੋਡ, ਡਾਕ. ਗਾਜ਼ੀਕਰ, ਹੁਸ਼ਿਆਰਪੁਰ
951884-263303

31 ਕਾ. ਪ੍ਰਿਥੀਪਾਲ ਸਿੰਘ ਮਾੜੀਮੇਘਾ
ਗਲੀ ਨੰ-1, ਮਕਾਨ ਨੰ - 20
ਤੁੰਗਪਾਈ ਮੋਹਕਮਪੁਰਾ ਚੌਂਕ,
ਬਟਾਲਾ ਰੋਡ - ਅੰਮ੍ਰਿਤਸਰ.
M -
0183 - 2277113.

32 ਕਾ. ਰਜੇਸ਼ਵਰ ਸਿੰਘ (ਟਰੱਸਟੀ)
ਦੇਸ਼ ਭਗਤ ਯਾਦਗਾਰ ਹਾਲ, ਜਲੰਧਰ
M - 98554-52996

33 ਕੈਪਟਨ ਰਣਜੀਤ ਸਿੰਘ (ਟਰੱਸਟੀ)
ਪਿੰਡ ਤੇ ਡਾਕ. ਡਰੋਲੀ ਭਾਈ,
ਜ਼ਿਲ੍ਹਾ ਮੋਗਾ ਫੋਨ : 951636-260009

34. ਕਾ. ਜਗਜੀਤ ਸਿੰਘ ਆਨੰਦ (ਟਰੱਸਟੀ)
230, ਮਾਡਲ ਟਾਊਨ, ਜਲੰਧਰ
ਫੋਨ : 0181-2271303, 2225595

1 Satyapal Dang
Ex-MLA (Pb)
Vimla Dang
Ex-MLA (Pb)

Tel. : 0183-2258631 (O)
0183-2258023 (R)
EKTA BHAWAN,
G. T. Road,
Chheharta (Amritsar).
Pin-143105

Dated. 15-7-2007

To
The Manager
UCO Bank,
G.T. Road, Chheharta Branch.
CHHEHARTA (Amritsar)

Shrimanji
I have Saving Bank Account No. 1534 and Vimla Dang (my wife) has a similar account No. 18530

I am writing this to request you to please ensure that no information about our accounts to any one whosoever he/she may be and even though he/she may claim that ~~E~~ any one of us has requested to get the information being sought for us from the bank.

O/C

Yours Sincerely
Satyapal Dang

Satyapal Dang
Ex-MLA (Pb)
Vimla Dang
Ex-MLA (Pb)

Tel. : 0183-2258631 (O)
0183-2258023 (R)

EKTA BHAWAN,
G. T. Road,
Chheharta (Amritsar).
Pin-143105

Dated 14/15 /7/2007

To:

The Principal,
G.S.S. School,
Chheharta

Madam,

I have been told by someone that in the ground in which Children play Cricket and other games. I found that in one corner, a room is being constructed and someone who was cutting grass.

I hope it is without your permission. In any case, I think, for obvious reasons, this is very wrong. One is encroachment of School land and the other is causing financial loss.

Someone had told me abve the above and yesterday, I checked up myself.

With Best Wishes,

Yours Sincerely,

Satyapal Dang

r/c

24

VERTICAL SPLIT

# Baba Bilga, two others quit DBYC over ideology

## Sikh topic for Karl Marx seminar the sticking point

Manpreet Randhawa
Jalandhar, May 3

THE TOPIC of an upcoming seminar seems to have caused a vertical split in the Desh Bhagat Yadgar Committee, with its president and veteran freedom fighter Baba Bhagat Singh Bilga and general secretary Gandharav Sen Kochar and a trustee resigning from their posts.

While all have cited health reasons, sources say it is a matter of ideology, as they are reportedly upset over the "religious overtones" to the topic selected for the seminar to held on May 5 to commemorate the birth anniversary of Karl Marx. They feel it is not in line with Communist ideology.

Bilga, who has been associated with the Ghadhar Lehar for many years, is currently in England and sent his resignation two days ago to Gandharav Sen, citing deteriorating health as a major hurdle in his continuing as president of the committee.

However, insiders say it is the topic for the seminar selected by the 11-member executive committee on April 21, "Sikh Lehar de Samajak, Arthak Sarokar da Ajoke Sandharbh wich Mahatav", that has upset Bilga.

Sen, who was present at the meeting, also expressed his reservations on the topic that had nothing to do with the ideology of Karl Marx, but he gave in to the majority opinion of the members that day.

Today, he too submitted his resignation along with his daughter Surinder Kumari Kochar, who is an active member of the committee besides being a trustee. Both cited health reasons for their decision.

Bilga and Sen have been in their respective posts for almost 15 years.

It is learnt there were other members too who had reservations on the seminar topic, saying the Ghadhar Party had nothing to do with any religion and was known for its secular credentials. They said the topic should be related to the ideology of Karl Marx instead of the Sikh Lehar.

Veteran Congress leader Satpal Dang has also reportedly written to the committee against the choice of topic.

However, when contacted, the committee attempted to play down the matter. Gurmit, secretary and official spokesman, said: "Baba Bilga is over 100 and has submitted his resignation on two previous occasions too, citing health reasons. But the general House of the committee was able to persuade him to change his decision. We are sure the members would be able to make him change his mind once again."

Denying the seminar topic had any religious overtones, or that the issue was the reason behind the resignations, Gurmit claimed it was a unanimous decision of the executive committee.

He, however, admitted Sen and Surinder Kumari had resigned for the first time, adding the committee would look into it and see how they could be persuaded to reverse their decision.

ਦਰਦ ਨਿਪਟਿਰੇ ਹੋਣ ਦਾ, ਇਹ ਜੱਗ ਸਮਝਦਾ ਨਾ, ਛਾਂਗੀ ਜਾਂਦਾ ਹੈ ਆਦਮੀ, ਆਪਣੇ ਹੀ ਸਿਰ ਦੀ ਛਾਂ..

ਇਸ ਤਿੱਖਰ ਗਰਮੀ ਵਿਚ ਨਰਕ ਕੁੰਡ ਦਾ ਅਹਿਸਾਸ ਕਰਾਉਂਦੇ ਹਨ।

ਰਿਸ਼ਤੇ ਹਨ। ਉਸ ਦਾਅਵਾ ... ਕੇ ਉਹ ਮੇਰੇ ਕੋਲੋਂ ਲੜਕੀ ਦੀ ਫੋਟੋ ਅਤੇ 10 ਹਜ਼ਾਰ ਰੁਪਏ ਲੈ ਗਿਆ।

ਕਿ ਕੁਝ ਰੁਪਏ ਲੈ ਕੇ ਉਹ ਰਿਸ਼ਤਾ ਪੱਕਾ ਕਰਵਾ ਦੇਵੇਗਾ। ਲਖਬੀਰ ਸਿੰਘ ਨੇ ਕਿਹਾ

# ਦੇਸ਼ ਭਗਤ ਯਾਦਗਾਰ ਕਮੇਟੀ ਸੰਕਟ 'ਚ ਘਿਰੀ

## ਬਾਬਾ ਬਿਲਗਾ ਤੇ ਕਾਮਰੇਡ ਕੋਛੜ ਵੱਲੋਂ ਅਸਤੀਫੇ

ਦਵਿੰਦਰ ਪਾਲ

ਜਲੰਧਰ, 3 ਮਈ

ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਵਿਸ਼ਵ ਪ੍ਰਸਿੱਧ ਬੁੱਧੀਜੀਵੀ ਕਾਰਲ ਮਾਰਕਸ ਦੇ ਜਨਮ ਦਿਨ ਮੌਕੇ ''ਸਿੱਖ ਲਹਿਰ ਦੇ ਸਮਾਜਕ, ਆਰਥਿਕ ਸਰੋਕਾਰਾਂ ਦਾ ਅਜੋਕੇ ਸੰਦਰਭ ਵਿਚ ਮਹੱਤਵ'' ਵਿਸ਼ੇ ਨੂੰ ਲੈ ਕੇ ਕਰਵਾਈ ਜਾ ਰਹੀ ਵਿਚਾਰ ਚਰਚਾ ਦੇ ਮੁੱਦੇ 'ਤੇ ਦੇਸ਼ ਭਗਤ ਕਮੇਟੀ ਸੰਕਟ 'ਚ ਘਿਰ ਗਈ ਹੈ। ਕਮੇਟੀ ਦੇ ਪ੍ਰਧਾਨ ਅਤੇ ਉੱਘੇ ਆਜ਼ਾਦੀ ਸੰਗਰਾਮੀਏ ਬਾਬਾ ਭਗਤ ਸਿੰਘ ਬਿਲਗਾ ਜੋ ਇਨ੍ਹੀਂ ਦਿਨੀਂ ਆਪਣੇ ਪੁੱਤਰ ਕੋਲ ਬਰਤਾਨੀਆ ਗਏ ਹੋਏ ਹਨ, ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਬਾਬਾ ਬਿਲਗਾ ਵੱਲੋਂ ਉਥੋਂ ਡਾਕ ਰਾਹੀਂ ਭੇਜੇ ਆਪਣੇ ਅਸਤੀਫੇ ਸਬੰਧੀ ਅਜੇ ਅੰਦਰੂਨੀ ਘੁਸਰ ਮੁਸਰ ਹੀ ਚੱਲਦੀ ਸੀ ਉੱਪਰੋਂ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਗੰਧਰਵ ਸੇਨ ਕੋਛੜ ਅਤੇ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਦੋਹਾਂ ਨੇ ਤਾਂ ਮੁਢਲੀ ਮੈਂਬਰਸ਼ਿਪ ਤੋਂ ਵੀ ਅਸਤੀਫਾ ਦੇ ਦਿੱਤਾ। ਇਥੇ ਹੀ ਬੱਸ ਨਹੀਂ, ਆਜ਼ਾਦੀ ਸੰਗਰਾਮੀਏ ਕਾਮਰੇਡ ਸੱਤਪਾਲ ਡਾਂਗ ਨੇ ਵੀ ਇਸ ਮੁੱਦੇ 'ਤੇ ਕਮੇਟੀ ਦੀ ਚੰਗੀ ਖਿਚਾਈ ਕੀਤੀ ਹੈ। ਪ੍ਰਮੁੱਖ ਅਹੁਦੇਦਾਰਾਂ ਦੇ ਅਸਤੀਫੇ ਤੋਂ ਬਾਅਦ ਕਮੇਟੀ ਪੂਰੀ ਤਰ੍ਹਾਂ ਦੋਫਾੜ ਹੋ ਗਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਦੇਸ਼ ਭਗਤ ਯਾਦਗਾਰ ਕਮੇਟੀ ਦੀ ਕਾਰਜਕਾਰਨੀ ਵੱਲੋਂ ਲੰਘੀ 21 ਅਪਰੈਲ



ਬਾਬਾ ਭਗਤ ਸਿੰਘ ਬਿਲਗਾ

ਨੂੰ ਮੀਟਿੰਗ ਦੌਰਾਨ ਇਸ ਵਿਸ਼ੇ 'ਤੇ ਵਿਚਾਰ ਚਰਚਾ ਕਰਾਉਣ ਸਬੰਧੀ ਸਹਿਮਤੀ ਹੋਈ। ਸੂਤਰਾਂ ਮੁਤਾਬਕ ਇਸ ਮੀਟਿੰਗ ਦੌਰਾਨ ਜਨਰਲ ਸਕੱਤਰ ਗੰਧਰਵ ਸੇਨ ਕੋਛੜ, ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਅਤੇ ਕੁਝ ਹੋਰਨਾਂ ਨੇ ਇਸ ਵਿਸ਼ੇ 'ਤੇ ਇਤਰਾਜ਼ ਪ੍ਰਗਟ ਕੀਤੇ ਪਰ ਵਿਚਾਰ ਚਰਚਾ ਕਰਾਉਣ ਸਬੰਧੀ ਮਤਾ ਪਾਸ ਹੋ ਗਿਆ । ਕਮੇਟੀ ਵਿਚਲੇ ਸੂਤਰਾਂ ਦਾ ਦੱਸਣਾ ਹੈ ਕਿ ਇਸ ਮੀਟਿੰਗ ਦੌਰਾਨ ਇਕ ਟਰੱਸਟੀ ਵੱਲੋਂ ਇਹ ਵੀ ਮੁੱਦਾ ਉਭਾਰਿਆ ਗਿਆ ਕਿ ਕਮੇਟੀ ਦੀ ਚੋਣ ਦਾ ਸਮਾਂ ਲੰਘ ਗਿਆ ਹੈ ਅਤੇ ਸੰਵਿਧਾਨ ਮੁਤਾਬਕ ਨਵੇਂ ਸਿਰੇ ਤੋਂ ਚੋਣ ਕਰਾਉਣੀ ਚਾਹੀਦੀ ਹੈ ਪ੍ਰੰਤੂ ਕੁਝ ਮੈਂਬਰਾਂ ਨੇ ਕਿਹਾ ਕਿ ਕਮੇਟੀ ਦੇ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ ਦੀ ਗੈਰ ਹਾਜ਼ਰੀ ਵਿਚ ਚੋਣ ਕਰਾਉਣਾ ਜਾਇਜ਼ ਨਹੀਂ ਹੋਵੇਗਾ। ਇਸ ਮੀਟਿੰਗ ਦੌਰਾਨ ਬਾਬਾ ਭਗਤ ਸਿੰਘ ਬਿਲਗਾ ਦੀ ਕਈ ਹੋਰ ਮੁੱਦਿਆਂ ਨੂੰ ਲੈ ਕੇ ਆਲੋਚਨਾ ਵੀ ਕੀਤੀ ਗਈ ਜਿਸ ਗੱਲ ਨੇ ਕਾਮਰੇਡ ਗੰਧਰਵ ਸੇਨ ਕੋਛੜ ਨੂੰ ਗਹਿਰੀ ਠੇਸ ਪਹੁੰਚਾਈ। ਜਦੋਂ ਇਸ ਗੱਲ ਦਾ ਬਾਬਾ ਬਿਲਗਾ ਨੂੰ ਪਤਾ ਲੱਗਿਆ ਤਾਂ ਉਹ ਵੀ ਹਰਕਤ ਵਿਚ ਆ ਗਏ।

ਬਾਬਾ ਬਿਲਗਾ ਦਾ ਅਸਤੀਫਾ ਦੋ ਦਿਨ ਪਹਿਲਾਂ ਹੀ ਕਮੇਟੀ ਨੂੰ ਪ੍ਰਾਪਤ ਹੋਇਆ ਹੈ। ਉਨ੍ਹਾਂ ਆਪਣੇ ਅਸਤੀਫੇ ਵਿਚ ਭਾਵੇਂ ਸਿਹਤ ਨਾ ਠੀਕ ਹੋਣ ਦਾ ਕਾਰਨ ਦੱਸਿਆ ਹੈ ਪ੍ਰੰਤੂ ਕੁਝ ਟਰੱਸਟੀਆਂ ਦਾ ਕਹਿਣਾ ਹੈ ਕਿ 21 ਅਪਰੈਲ ਦੀ ਮੀਟਿੰਗ ਵਿਚ ਪ੍ਰਧਾਨ ਦੀ ਹੋਈ ਖੁੱਲ੍ਹੇਆਮ ਆਲੋਚਨਾ ਨੂੰ ਉਹ ਸਹਾਰ ਨਹੀਂ ਸਕੇ ।



ਕਾਮਰੇਡ ਗੰਧਰਵ ਸੇਨ ਕੋਛੜ

ਬਾਬਾ ਬਿਲਗਾ ਦੇ ਅਸਤੀਫੇ ਸਬੰਧੀ ਅਜੇ ਕਮੇਟੀ ਵਿਚਾਰ ਚਰਚਾ ਹੀ ਕਰ ਰਹੀ ਸੀ ਕਿ ਅੱਜ ਜਨਰਲ ਸਕੱਤਰ ਦਾ ਅਸਤੀਫਾ ਅਸਮਾਨੀ ਬਿਜਲੀ ਵਾਂਗ ਆ ਡਿੱਗਿਆ। ਇਸ ਅਸਤੀਫੇ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਇਹ ਹੈ ਕਿ ਕਾਮਰੇਡ ਗੰਧਰਵ ਸੇਨ ਕੋਛੜ ਅਤੇ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਨੇ ਕਮੇਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਵੀ ਅਸਤੀਫਾ ਦੇ ਦਿੱਤਾ ਹੈ। ਇਸੇ ਦੌਰਾਨ ਕਾਮਰੇਡ ਸੱਤਪਾਲ ਡਾਂਗ ਨੇ ਵੀ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਲਿਖੇ ਪੱਤਰ ਵਿਚ ਕਿਹਾ ਹੈ ਕਿ ਵਿਸ਼ਵ ਪ੍ਰਸਿੱਧ ਬੁੱਧੀਜੀਵੀ ਕਾਰਲ ਮਾਰਕਸ ਦੇ ਜਨਮ ਦਿਹਾੜੇ ਮੌਕੇ ਜੇਕਰ ਮਾਰਕਸ ਦੀ ਵਿਚਾਰਧਾਰਾ ਸਬੰਧੀ ਹੀ ਵਿਚਾਰ ਚਰਚਾ ਹੋਵੇ ਤਾਂ ਜ਼ਿਆਦਾ ਚੰਗਾ ਹੈ।

ਕਾਮਰੇਡ ਕੋਛੜ ਨੇ 'ਪੰਜਾਬੀ ਟ੍ਰਿਬਿਊਨ' ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਾਰਲ ਮਾਰਕਸ ਦੇ ਜਨਮ ਦਿਨ ਮੌਕੇ ਕਰਵਾਈ ਜਾ ਰਹੀ ਵਿਚਾਰ ਚਰਚਾ ਨਾਲ ਉਹ ਸਹਿਮਤ ਨਹੀਂ ਅਤੇ ਕਮੇਟੀ ਦੇ ਕੁਝ ਮੈਂਬਰ ਗੈਰ ਸੰਵਿਧਾਨਕ ਕੰਮ ਕਰ ਰਹੇ ਹਨ। ਇਸੇ ਦੌਰਾਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀਆਂ ਰਜੇਸ਼ਵਰ ਸਿੰਘ, ਨੌਨਿਹਾਲ ਸਿੰਘ, ਕਾਮਰੇਡ ਰਘਬੀਰ ਸਿੰਘ ਛੀਨਾ, ਗੁਰਮੀਤ ਸਿੰਘ, ਅਮੋਲਕ ਸਿੰਘ ਅਤੇ ਅਜਮੇਰ ਸਿੰਘ ਨੇ ਕਿਹਾ ਕਿ ਇਹ ਸਾਡਾ ਘਰੇਲੂ ਮਸਲਾ ਹੈ ਅਤੇ ਉਹ ਆਪਣੇ ਬਜ਼ੁਰਗਾਂ ਨੂੰ ਹਰ ਹੀਲੇ ਮਨਾਉਣ 'ਚ ਕਾਮਯਾਬ ਹੋਣਗੇ।

## ਝਬਾਲ ਖੇਤਰ 'ਚ ਪਾਣੀ ਖਰਾਬ ਹੋਣ ਕਾਰਨ ਪੀਲੀਆ ਫੈਲਿਆ

# ਪੰਜਾਬ ਵਿੱਚ ਪੱਤਰਕਾਰਾਂ ਲਈ ਪ੍ਰੈਸ ਕਾਲੋਨੀਆਂ ਬਣਨਗੀਆਂ : ਕੈਪਟਨ

ਪੱਤਰਕਾਰ ਨੈਤਿਕ ਕਦਰਾਂ ਕੀਮਤਾਂ ਦਾ ਖਿਆਲ ਰੱਖਣ : ਸਿੱਧੂ ਦਮਦਮੀ

# ਬਾਬਾ ਬਿਲਗਾ ਅਤੇ ਕਾਮਰੇਡ ਗੰਧਰਵ ਵੱਲੋਂ ਅਸਤੀਫੇ !

**ਮੁੱਦਾ ਕਾਰਲ ਮਾਰਕਸ ਦੇ ਜਨਮ ਦਿਨ ਤੇ ਸਿੱਖ ਲਹਿਰ ਬਾਰੇ ਸੈਮੀਨਾਰ ਦਾ**

ਜਲੰਧਰ, 3 ਮਈ (ਐਚ. ਐਸ. ਬਾਵਾ)- ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ, ਜਨਰਲ ਸਕੱਤਰ ਕਾਮਰੇਡ ਗੰਧਰਵ ਸੇਨ ਕੋਛੜ ਅਤੇ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਨੇ ਆਪੋ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਹਨ। ਕਮੇਟੀ ਨੇ ਸਵੀਕਾਰ ਕੀਤਾ ਹੈ ਕਿ ਇਹ ਅਸਤੀਫੇ




ਉਨ੍ਹਾਂ ਨੂੰ ਮਿਲ ਗਏ ਹਨ। ਪੰਜਾਬ ਹੀ ਨਹੀਂ ਸਗੋਂ ਦੇਸ਼ ਵਿਦੇਸ਼ ਵਿਚ ਦੇਸ਼ ਭਗਤਾਂ ਦੀ ਯਾਦ ਨੂੰ ਜਿਉਂਦਾ ਰੱਖਣ ਲਈ ਦੇਸ਼ ਭਗਤ ਯਾਦਗਾਰ ਹਾਲ ਸਥਿਤ ਆਪਣੇ ਹੈਡਕੁਆਰਟਰ ਤੋਂ ਕੰਮ ਕਰ ਰਹੀ ਦੇਸ਼ ਭਗਤ ਯਾਦਗਾਰ ਕਮੇਟੀ ਨੇ ਭਾਵੇਂ ਇਨ੍ਹਾਂ ਅਸਤੀਫਿਆਂ ਦਾ

(ਸਫਾ 3 ਦੀ ਬਾਕੀ)

ਕਾਰਨ ਸੁਤੰਤਰਤਾ ਸੈਨਾਨੀਆਂ ਦੀ ਉਮਰ ਅਤੇ ਸਿਹਤ ਦੱਸਿਆ ਹੈ ਪਰ ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਕਮੇਟੀ ਵਿਚ ਤਰੇੜਾਂ ਉੱਭਰ ਆਉਣ ਦਾ ਅਸਲ ਕਾਰਨ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ 5 ਮਈ ਭਾਵ ਕਾਰਲ ਮਾਰਕਸ ਦੇ ਜਨਮ ਦਿਨ ਮੌਕੇ ਦੇਸ਼ ਭਗਤ ਯਾਦਗਾਰ ਹਾਲ ਵਿਚ ਕਰਵਾਇਆ ਜਾ ਰਿਹਾ ਇਕ ਸੈਮੀਨਾਰ ਹੈ। ਕਮੇਟੀ ਵੱਲੋਂ ਛਾਪੇ ਗਏ ਸੱਦਾ ਪੱਤਰਾਂ ਅਨੁਸਾਰ ਇਸ ਦਿਨ ਸਵੇਰੇ 11 ਵਜੇ ਭਾਈ ਸੰਤੋਖ ਸਿੰਘ, ਬਾਨੀ ਸੰਪਾਦਕ 'ਕਿਰਤੀ', ਵਿਚਾਰ ਲੜੀ ਤਹਿਤ ਵਿਚਾਰ-ਚਰਚਾ ਕਰਵਾਈ ਜਾਵੇਗੀ। ਇਸ ਦਾ ਵਿਸ਼ਾ ਹੋਵੇਗਾ : ਸਿੱਖ ਲਹਿਰ ਦੇ ਸਮਾਜਿਕ, ਆਰਥਿਕ ਸਰੋਕਾਰਾਂ ਦਾ ਅਜੋਕੇ ਸੰਦਰਭ ਵਿਚ ਮਹੱਤਵ। ਇਸ ਚਰਚਾ ਦਾ ਆਰੰਭ ਡਾ: ਕਰਮਜੀਤ ਸਿੰਘ, ਪ੍ਰੋਫੈਸਰ, ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ ਕਰਨਗੇ ਜਦਕਿ ਵਿਚਾਰ-ਚਰਚਾ ਵਿਚ ਪੰਜਾਬ ਦੇ ਹੋਰ ਵੀ ਪ੍ਰਸਿੱਧ ਵਿਦਵਾਨ/ਲੇਖਕ ਸਿਰਕਤ ਕਰਨਗੇ। ਸੱਦਾ ਪੱਤਰ 'ਤੇ ਨਿਵੇਦਕਾਂ ਵਜੋਂ ਬਾਬਾ ਭਗਤ ਸਿੰਘ ਬਿਲਗਾ, ਪ੍ਰਧਾਨ ਅਤੇ ਕਾਮਰੇਡ ਗੰਧਰਵ ਸੇਨ ਕੋਛੜ, ਜਨਰਲ ਸਕੱਤਰ ਦੇ ਨਾਂਅ ਦਰਜ ਹਨ। ਸੂਤਰਾਂ ਦਾ ਕਹਿਣਾ ਹੈ ਕਿ ਕਮੇਟੀ ਦੀ 21 ਅਪ੍ਰੈਲ ਨੂੰ ਹੋਈ ਮੀਟਿੰਗ ਵਿਚ ਭਾਵੇਂ ਇਸ ਸੈਮੀਨਾਰ ਬਾਰੇ ਮਤਾ ਪਾਸ ਕਰ ਲਿਆ ਸੀ ਪਰ ਉਸ ਮੌਕੇ ਵੀ ਕਾਮਰੇਡ ਗੰਧਰਵ ਸੇਨ ਕੋਛੜ ਅਤੇ ਟਰਸਟੀ ਸੁਰਿੰਦਰ ਕੁਮਾਰੀ ਕੋਛੜ ਨੇ ਆਪਣਾ ਵਿਰੋਧ ਜਤਾਇਆ ਸੀ। ਉਸ ਮੌਕੇ ਬਾਬਾ ਭਗਤ ਸਿੰਘ ਮੀਟਿੰਗ ਵਿਚ ਹਾਜ਼ਰ ਨਹੀਂ ਸਨ। ਉਹ 9 ਅਪ੍ਰੈਲ ਨੂੰ ਹੀ ਇੰਗਲੈਂਡ ਰਵਾਨਾ ਹੋ ਗਏ ਸਨ। ਪਤਾ ਲੱਗਾ ਹੈ ਕਿ ਬਾਬਾ ਭਗਤ ਸਿੰਘ ਬਿਲਗਾ ਵੀ ਇਸ ਸੈਮੀਨਾਰ ਦੇ ਵਿਸ਼ੇ 'ਤੇ ਰਾਜ਼ੀ ਨਹੀਂ ਹਨ। ਇੱਥੇ ਹੀ ਬੱਸ ਨਹੀਂ, ਸੂਤਰਾਂ ਅਨੁਸਾਰ ਕਮੇਟੀ ਦੇ ਇਕ ਹੋਰ ਟਰੱਸਟੀ, ਕਾਮਰੇਡ ਸੱਤ ਪਾਲ ਡਾਂਗ ਨੇ ਵੀ ਕਮੇਟੀ ਨੂੰ ਇਕ ਪੱਤਰ ਲਿਖ ਕੇ ਇਸ ਮਸਲੇ 'ਤੇ ਆਪਣਾ ਵਿਰੋਧ ਜਤਾਇਆ ਹੈ। ਪਤਾ ਲੱਗਾ ਹੈ ਕਿ ਉਨ੍ਹਾਂ ਨੇ ਖਾਸ ਕਰ ਕਾਰਲ ਮਾਰਕਸ ਦੇ ਜਨਮ ਦਿਨ 'ਤੇ ਉਕਤ ਵਿਸ਼ਾ ਲਏ ਜਾਣ ਨੂੰ ਸਹੀ ਨਾ ਮੰਨਦਿਆਂ ਕਿਹਾ ਹੈ ਕਿ ਇਸ ਦਿਨ 'ਤੇ ਕਾਰਲ ਮਾਰਕਸ ਦੀ ਵਿਚਾਰ ਧਾਰਾ ਨਾਲ ਜੁੜੀ ਗੱਲ ਹੀ ਹੁੰਦੀ ਤਾਂ ਚੰਗਾ ਹੁੰਦਾ। ਜਿੱਥੇ ਬਾਬਾ ਭਗਤ ਸਿੰਘ ਬਿਲਗਾ ਨੇ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦਿੱਤਾ ਹੈ ਉੱਥੇ ਕਾਮਰੇਡ ਗੰਧਰਵ ਸੇਨ ਕੋਛੜ ਅਤੇ ਸੁਰਿੰਦਰ ਕੁਮਾਰੀ ਕੋਛੜ ਨੇ ਮੁੱਢਲੀ ਮੈਂਬਰਸ਼ਿਪ ਤੋਂ ਵੀ ਅਸਤੀਫਾ ਦੇ ਦਿੱਤਾ ਹੈ। ਬਾਬਾ ਭਗਤ ਸਿੰਘ ਬਿਲਗਾ ਦਾ ਅਸਤੀਫਾ ਬੀਤੇ ਕਲ੍ਹ ਇੰਗਲੈਂਡ ਤੋਂ ਪ੍ਰਾਪਤ ਹੋਇਆ ਜਦਕਿ ਦੂਜੇ ਦੋ ਅਸਤੀਫੇ ਅੱਜ ਅਹੁਦੇਦਾਰਾਂ ਨੇ ਆਪ ਆ ਕੇ ਦੇਸ਼ ਭਗਤ ਯਾਦਗਾਰ ਹਾਲ ਸਥਿਤ ਦਫਤਰ ਵਿਖੇ ਦਿੱਤੇ। ਪਤਾ ਲੱਗਾ ਹੈ ਕਿ ਕਾਮਰੇਡ ਨੌਨਿਹਾਲ ਸਿੰਘ, ਕਾਮਰੇਡ ਰਾਜੇਸ਼ਵਰ, ਕਾਮਰੇਡ ਰਘਬੀਰ ਸਿੰਘ ਛੀਨਾ, ਕਾਮਰੇਡ ਅਮੋਲਕ ਅਤੇ ਕਾਮਰੇਡ ਗੁਰਮੀਤ ਆਦਿ ਇਸ ਸੈਮੀਨਾਰ ਨੂੰ ਕਰਵਾਏ ਜਾਣ ਦੇ ਹੱਕ ਵਿਚ ਹਨ। ਸੰਪਰਕ ਕੀਤੇ ਜਾਣ 'ਤੇ ਕਾਮਰੇਡ ਗੁਰਮੀਤ ਨੇ ਮੰਨਿਆ ਕਿ ਉਕਤ ਅਸਤੀਫੇ ਆਏ ਹਨ ਪਰ ਨਾਲ ਹੀ ਉਨ੍ਹਾਂ ਕਿਹਾ ਕਿ ਇਨ੍ਹਾਂ ਅਸਤੀਫਿਆਂ ਦਾ ਕਾਰਨ ਉਕਤ ਮੁੱਦਾ ਨਹੀਂ ਹੈ। ਉਨ੍ਹਾਂ ਮੰਨਿਆਂ ਕਿ ਕਮੇਟੀ ਦੀ ਮੀਟਿੰਗ ਵਿਚ ਉਕਤ ਸੈਮੀਨਾਰ ਦੇ ਵਿਸ਼ੇ ਬਾਰੇ 'ਚਰਚਾ' ਤਾਂ ਹੋਈ ਸੀ ਪਰ ਇਸ ਬਾਰੇ ਫੈਸਲਾ ਹੋ ਗਿਆ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਸੈਮੀਨਾਰ ਹੋਵੇਗਾ ਪਰ ਅਸਤੀਫੇ ਦੇਣ ਵਾਲਿਆਂ ਨੂੰ ਮਨਾ ਲਿਆ ਜਾਵੇਗਾ।

## ਸੜਕ ਬੰਦ...

(ਸਫਾ 3 ਦੀ ਬਾਕੀ)

ਹੀ ਜੱਥੇ ... ਆਗੂਆਂ ਉੱਤੇ ...

ਅਜੀਤ 5/5/07

# ਵਿਗਿਆਨਕ ਸਮਾਜਵਾਦ ਦੀ ਵਿਚਾਰਧਾਰਾ ਲੋਕਾਂ ਤੱਕ ਲੈ ਕੇ ਜਾਣੀ ਚਾਹੀਦੀ ਹੈ-ਗੰਧਰਵ ਸੇਨ

ਨੂਰਮਹਿਲ, 4 ਮਈ (ਪੱਤਰ ਪ੍ਰੇਰਕ)-ਬਜ਼ੁਰਗ ਆਜ਼ਾਦੀ ਘੁਲਾਟੀਏ ਕਾਮਰੇਡ ਗੰਧਰਵ ਸੇਨ ਕੋਛੜ ਨੇ ਅੱਜ ਇਥੇ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਦੇਸ਼ ਦੀ ਆਜ਼ਾਦੀ ਵਿਚ ਯੋਗਦਾਨ ਪਾਉਣ ਵਾਲੇ ਗਦਰੀ ਦੇਸ਼ ਭਗਤਾਂ ਦੀ ਵਿਰਾਸਤ ਨੂੰ ਅੱਗੇ ਤੋਰਨ ਲਈ ਕਾਇਮ ਕੀਤੀ ਗਈ ਸੀ ਅਤੇ ਇਸ ਨੂੰ ਆਜ਼ਾਦੀ ਗੁਲਾਟੀਆਂ ਵੱਲੋਂ ਲਏ ਗਏ ਸੁਪਨਿਆਂ ਨੂੰ ਲੋਕਾਂ ਤੱਕ ਲੈ ਜਾਣ ਲਈ ਆਪਣਾ ਕੰਮ ਕਰਦੇ ਰਹਿਣਾ ਚਾਹੀਦਾ ਹੈ। ਕਾਮਰੇਡ ਕੋਛੜ ਜਿਨ੍ਹਾਂ ਨੇ ਕੱਲ੍ਹ ਕਮੇਟੀ ਦੇ ਜਨਰਲ ਸਕੱਤਰ ਦੇ ਅਹੁਦੇ ਅਤੇ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਸੀ, ਨੇ ਅੱਜ ਆਪਣੀ ਰਿਹਾਇਸ਼ ਵਿਖੇ ਗੱਲਬਾਤ ਕਰਦਿਆਂ ਕਿਹਾ ਕਿ ਸਾਨੂੰ ਕਿਸੇ ਵਿਸ਼ੇਸ਼ ਧਰਮ 'ਤੇ ਬਹਿਸ ਨਹੀਂ ਕਰਨੀ ਚਾਹੀਦੀ। ਸਗੋਂ ਵਿਗਿਆਨਕ ਸਮਾਜਵਾਦ ਦੀ ਵਿਚਾਰਧਾਰਾ ਲੋਕਾਂ ਤੱਕ ਲੈ ਕੇ ਜਾਣੀ ਚਾਹੀਦੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਅੱਜ 5 ਮਈ ਨੂੰ ਕਾਰਲ ਮਾਰਕਸ ਦੇ ਜਨਮ ਦਿਨ ਤੇ 'ਸਿੱਖ ਲਹਿਰ ਦੇ ਸਮਾਜਿਕ ਆਰਥਿਕ ਸਰੋਕਾਰ ਦਾ ਅਜੋਕੇ ਸੰਦਰਭ ਵਿਚ ਮਹੱਤਵ' ਵਿਸ਼ੇ 'ਤੇ ਇਕ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਇਸ ਸੈਮੀਨਾਰ ਦੇ ਵਿਸ਼ੇ 'ਤੇ ਮਤਭੇਦਾਂ ਨੂੰ ਲੈ ਕੇ ਕਾਮਰੇਡ ਕੋਛੜ ਅਤੇ ਉਨ੍ਹਾਂ ਦੀ ਪੁੱਤਰੀ ਸੁਰਿੰਦਰ ਕੁਮਾਰੀ ਕੋਛੜ ਨੇ ਕੱਲ੍ਹ ਆਪਣੇ ਅਸਤੀਫ਼ੇ ਦਿੱਤੇ ਸਨ। ਇਸ ਸੈਮੀਨਾਰ ਦੇ ਵਿਸ਼ੇ ਨੂੰ ਲੈ ਕੇ ਕਮੇਟੀ ਦੇ ਪ੍ਰਧਾਨ ਬਜ਼ੁਰਗ ਦੇਸ਼ ਭਗਤ ਬਾਬਾ ਭਗਤ ਸਿੰਘ ਬਿਲਗਾ ਨੇ ਵੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਹੈ।



ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਗੰਧਰਵ ਸੇਨ ਕੋਛੜ 'ਅਜੀਤ' ਨਾਲ ਰੂਬਰੂ ਸਮੇਂ। ਤਸਵੀਰ : ਲਾਬਾ ਸਟੂਡੀਓ

# ਅਸਤੀਫ਼ਿਆਂ ਕਾਰਨ ਦੇਸ਼ ਭਗਤ ਯਾਦਗਾਰ ਕਮੇਟੀ ਵਿਚ ਮਤਭੇਦ ਨਹੀਂ

ਜਲੰਧਰ, 4 ਮਈ (ਜਸਪਾਲ ਸਿੰਘ)-ਦੇਸ਼ ਭਗਤ ਯਾਦਗਾਰ ਕਮੇਟੀ ਨੇ ਲਿਖਤੀ ਪ੍ਰੈੱਸ ਬਿਆਨ ਵਿਚ ਦਾਅਵਾ ਕੀਤਾ ਹੈ ਕਿ ਕਮੇਟੀ ਦੇ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ, ਜਨਰਲ ਸਕੱਤਰ ਕਾਮਰੇਡ ਗੰਧਰਵ ਸੇਨ ਕੋਛੜ ਅਤੇ ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਦੇ ਅਸਤੀਫ਼ਿਆਂ ਦਾ ਕਾਰਨ ਕਮੇਟੀ ਅੰਦਰ ਕਿਸੇ ਕਿਸਮ ਦਾ ਵਿਚਾਰਧਾਰਕ ਕੋਈ ਮਤਭੇਦ ਦਾ ਮੁੱਦਾ ਨਹੀਂ ਅਤੇ ਨਾ ਹੀ ਉਨ੍ਹਾਂ ਨੇ ਆਪਣੇ ਅਸਤੀਫ਼ੇ 'ਚ ਅਜਿਹਾ ਕੋਈ ਜ਼ਿਕਰ ਹੀ ਕੀਤਾ ਹੈ। ਅੱਜ ਜੁੜੇ ਕਮੇਟੀ ਮੈਂਬਰਾਂ ਨੇ ਇਕਮੱਤ ਹੋ ਕੇ ਫੈਸਲਾ ਕੀਤਾ ਹੈ ਕਿ ਪ੍ਰਧਾਨ, ਜਨਰਲ ਸਕੱਤਰ ਅਤੇ ਕਮੇਟੀ ਮੈਂਬਰ ਆਪਣੇ ਕਮੇਟੀ ਅੰਦਰ ਉਸੇ ਸਥਾਨ 'ਤੇ ਹੀ ਕੰਮ ਕਰਦੇ ਰਹਿਣਗੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਪ੍ਰਧਾਨ ਕਾਮਰੇਡ ਦਰਬਾਰਾ ਸਿੰਘ ਢਿੱਲੋਂ ਦੀ ਪ੍ਰਧਾਨਗੀ 'ਚ ਅੱਜ ਹੰਗਾਮੀ ਤੌਰ 'ਤੇ ਜੁੜੇ ਕਮੇਟੀ ਦੇ ਸਹਾਇਕ ਸਕੱਤਰ ਕਾਮਰੇਡ ਨੌਨਿਹਾਲ ਸਿੰਘ, ਵਿੱਤ ਸਕੱਤਰ ਕਾਮਰੇਡ ਰਘਬੀਰ ਸਿੰਘ ਛੀਨਾ ਅਤੇ ਕਮੇਟੀ ਮੈਂਬਰ ਕਾਮਰੇਡ ਰਾਜੇਸ਼ਵਰ ਸਿੰਘ, ਕਾਮਰੇਡ ਚੈਨ ਸਿੰਘ, ਗੁਰਮੀਤ, ਡਾ: ਰਘਬੀਰ ਕੌਰ, ਅਮੋਲਕ ਸਿੰਘ, ਕਾਮਰੇਡ ਮੰਗਤ ਰਾਮ ਪਾਸਲਾ, ਕਾਮਰੇਡ ਗੁਰਮੀਤ ਸਿੰਘ ਢੱਡਾ ਅਤੇ ਕਾਮਰੇਡ ਕੁਲਵੰਤ ਸਿੰਘ ਸੰਧੂ ਹਾਜ਼ਰ ਸਨ ਅਤੇ ਇਨ੍ਹਾਂ ਤੋਂ ਇਲਾਵਾ ਇਸ ਮੱਤ ਨਾਲ ਟੈਲੀਫੋਨ 'ਤੇ ਸਹਿਮਤੀ ਦੇਣ ਵਾਲਿਆਂ 'ਚ ਕਮੇਟੀ ਦੇ ਮੈਂਬਰ ਬਜ਼ੁਰਗ ਆਜ਼ਾਦੀ ਘੁਲਾਟੀਏ ਅਤੇ ਸੀਨੀਅਰ ਟਰੱਸਟੀ ਕਾਮਰੇਡ ਕਰਨੈਲ ਸਿੰਘ ਫਿਲੌਰ, ਸੀਨੀਅਰ ਟਰੱਸਟੀ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ, ਸ਼੍ਰੋਮਣੀ ਪੱਤਰਕਾਰ ਅਤੇ ਸੀਨੀਅਰ ਟਰੱਸਟੀ ਕਾਮਰੇਡ ਗੁਰਬਖਸ਼ ਸਿੰਘ ਬੰਨੋਆਣਾ, ਕਾਮਰੇਡ ਜਗਜੀਤ ਸਿੰਘ ਆਨੰਦ, ਕਾਮਰੇਡ ਪ੍ਰੇਮ ਸਿੰਘ (ਡਾ:), ਦਲਬੀਰ ਕੌਰ (ਡਾ:), ਕਾਮਰੇਡ ਕੁਲਵੰਤ ਸਿੰਘ ਭੋਗਪੁਰ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਅਮਰਜੀਤ ਸਿੰਘ ਢੁੱਡੀਕੇ ਤੇ ਕੈਪਟਨ ਰਣਜੀਤ ਸਿੰਘ ਆਦਿ ਨੇ ਕਮੇਟੀ ਵਿਚ ਕਿਸੇ ਵੀ ਕਿਸਮ ਦੀ ਫੁੱਟ ਤੋਂ ਇਨਕਾਰ ਕੀਤਾ ਹੈ।

ਜਗਬਾਣੀ 5/5/07

Hindustan Times

5/5/07

More on the
hindustantim...

# DBYC refuses to accept Bilga resignation

**HT Correspondent**
Jalandhar, May 4

THE DESH Bhagat Yadgar Committee (DBYC) today rejected the resignations submitted by veteran freedom fighter and president of the body Baba Bhagat Singh Bilga, general secretary Gandharv Sen Kochher and member Surinder Kumari Kochher.

In a press note issued here, Desh Bhagat Yadgar Committee vice-president D.S. Dhillon, said, "The reason for the resignations was the failing health of the office-bearers, rather than any ideology clash among members."

The committee members were today in agreement on the fact that the health of the aged office-bearers was a matter of concern, but at the same time resolved that the spirit, beliefs and traditional values of the committee would never be sacrificed, clashes due to difference of opinion notwithstanding.

Meanwhile, in Nurmahal, Gandharav Sen Kochher said the Desh Bhagat Yadgar Committeewas not a political organ, rather a custodian of the Ghadar Lehar legacy.

Speaking at his residence, he told *Hindustan Times* the committee should propagate the ideology of Karl Marx and Lenin and discuss dialectical materialism rather than spirtualism.

The dispute in the panel followed the selection of the topic for a seminar on May 5 to commemorate the birth anniversary of Karl Marx: "Sikh Lehar de Samajak, Arthak Sarokar da Ajoke Sandharabh vich Mahatav."

# ਦੇਸ਼ ਭਗਤ ਯਾਦਗਾਰ ਕਮੇਟੀ 'ਚ ਕੋਈ ਵਿਚਾਰਧਾਰਕ ਮੱਤਭੇਦ ਨਹੀਂ; ਟਰੱਸਟੀਆਂ ਸਪੱਸ਼ਟ ਕੀਤਾ

ਨਵਾਂ ਜ਼ਮਾਨਾ ਸਰਵਿਸ

ਜਲੰਧਰ, 4 ਮਈ-ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ, ਜਨਰਲ ਸਕੱਤਰ ਕਾਮਰੇਡ ਗੰਧਰਵ ਸੇਨ ਕੋਛੜ ਅਤੇ ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਦੇ ਅਸਤੀਫਿਆਂ ਦਾ ਕਾਰਨ ਕਮੇਟੀ ਅੰਦਰ ਕਿਸੇ ਕਿਸਮ ਦਾ ਕੋਈ ਵਿਚਾਰਧਾਰਕ ਮੱਤਭੇਦ ਨਹੀਂ ਅਤੇ ਨਾ ਹੀ ਉਹਨਾਂ ਆਪਣੇ ਅਸਤੀਫ਼ੇ 'ਚ ਅਜਿਹਾ ਕੋਈ ਜ਼ਿਕਰ ਹੀ ਕੀਤਾ ਹੈ। ਇਹ ਗੱਲ ਦੇਸ਼ ਭਗਤ ਯਾਦਗਾਰ ਕਮੇਟੀ ਨੇ ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਕਹੀ ਹੈ।

ਕਮੇਟੀ ਵੱਲੋਂ ਟਰੱਸਟੀਆਂ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਦੇਸ਼ ਭਗਤ ਯਾਦਗਾਰ ਕਮੇਟੀ ਹਮੇਸ਼ਾ ਹੀ ਆਪਣੇ ਅਦਾਰੇ ਅੰਦਰ ਅਤੇ ਹੋਰਨਾਂ ਅਦਾਰਿਆਂ 'ਚ ਵੀ ਜਮਹੂਰੀ ਵਿਧੀ, ਬਹਿਸ ਮੁਬਾਸੇ ਅਤੇ ਵਿਚਾਰਕ ਚਰਚਾ ਦੀ ਪੂਰੀ ਆਜ਼ਾਦੀ ਦਾ ਸਤਿਕਾਰ ਕਰਦੀ ਹੈ ਅਤੇ ਹਮੇਸ਼ਾ ਕਰਦੀ ਰਹੇਗੀ।

ਅੱਜ ਜੁੜੇ ਕਮੇਟੀ ਮੈਂਬਰਾਂ ਨੇ ਇੱਕਮੱਤ ਹੋ ਕੇ ਫੈਸਲਾ ਕੀਤਾ ਕਿ ਮਾਣਯੋਗ ਪ੍ਰਧਾਨ, ਜਨਰਲ ਸਕੱਤਰ ਅਤੇ ਕਮੇਟੀ ਮੈਂਬਰ ਆਪਣੇ ਅਹੁਦਿਆਂ 'ਤੇ ਉਸੇ ਤਰ੍ਹਾਂ ਹੀ ਕੰਮ ਕਰਦੇ ਰਹਿਣਗੇ ਅਤੇ ਉਹਨਾ ਭਰੋਸਾ ਪ੍ਰਗਟਾਇਆ ਕਿ ਉਹਨਾਂ ਦੀ ਸਿਹਤ ਦੀ ਵਾਜਬ ਵਜ੍ਹਾ ਦੇ ਬਾਵਜੂਦ ਜਨਰਲ ਬਾਡੀ ਦੀ ਮੀਟਿੰਗ 'ਚ ਅਸਤੀਫੇ ਵਿਚਾਰਨ ਤੱਕ ਉਹਨਾਂ ਨੂੰ ਜ਼ਿੰਮੇਵਾਰੀ ਤੋਂ ਕਿਸੇ ਤਰ੍ਹਾਂ ਵੀ ਵਿਹਲੇ ਨਹੀਂ ਕੀਤਾ ਜਾ ਸਕਦਾ।

ਕਮੇਟੀ ਨੇ ਕਿਸੇ ਕਿਸਮ ਦੀ ਫੁੱਟ ਪੈਣ ਦੀਆਂ ਖ਼ਬਰਾਂ ਨੂੰ ਮੂਲੋਂ ਨਿਰਅਧਾਰ ਦੱਸਦਿਆਂ ਪੂਰੀ ਇੱਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਗ਼ਦਰ ਲਹਿਰ ਅਤੇ ਸਮੁੱਚੀ ਇਨਕਲਾਬੀ ਕੌਮੀ ਮੁਕਤੀ ਲਹਿਰ ਦੀ ਵਾਰਸ ਇਸ ਕਮੇਟੀ ਦੇ ਨਿਸ਼ਾਨਿਆਂ, ਅਸੂਲਾਂ, ਸੰਵਿਧਾਨ ਅਤੇ ਇਸ ਦੀਆਂ ਸ਼ਾਨਦਾਰ ਰਵਾਇਤਾਂ ਨੂੰ ਹਰ ਹਾਲਤ ਬੁਲੰਦ ਰੱਖਿਆ ਜਾਵੇਗਾ।

ਉਨ੍ਹਾਂ ਇੱਕ ਵਾਰ ਫਿਰ ਸਪੱਸ਼ਟ ਕੀਤਾ ਕਿ ਕਮੇਟੀ ਪਾਸ ਲਿਖਤੀ ਤੌਰ 'ਤੇ ਸਿਹਤ ਦੀ ਵਜ੍ਹਾ ਬਿਆਨਦੇ ਉਹਨਾਂ ਦੇ ਅਸਤੀਫੇ ਜ਼ਰੂਰ ਪਹੁੰਚੇ ਹਨ, ਜਿਨ੍ਹਾਂ ਨੂੰ ਵਾਪਸ ਲੈਣ ਲਈ ਉਹਨਾਂ ਨੂੰ ਰਜ਼ਾਮੰਦ ਕਰਨ ਦੇ ਜ਼ੋਰਦਾਰ ਉਪਰਾਲੇ ਕੀਤੇ ਜਾ ਰਹੇ ਹਨ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਪ੍ਰਧਾਨ ਕਾਮਰੇਡ ਦਰਬਾਰਾ ਸਿੰਘ ਢਿੱਲੋਂ ਦੀ ਪ੍ਰਧਾਨਗੀ 'ਚ ਅੱਜ ਹੰਗਾਮੀ ਤੌਰ 'ਤੇ ਹੋਈ ਕਮੇਟੀ ਦੀ ਮੀਟਿੰਗ ਵਿੱਚ ਸਹਾਇਕ ਸਕੱਤਰ ਕਾਮਰੇਡ ਨੌਨਿਹਾਲ ਸਿੰਘ, ਵਿੱਤ ਸਕੱਤਰ ਕਾਮਰੇਡ ਰਘਬੀਰ ਸਿੰਘ ਛੀਨਾ, ਕਮੇਟੀ ਮੈਂਬਰ ਕਾਮਰੇਡ ਰਾਜੇਸ਼ਵਰ ਸਿੰਘ, ਕਾਮਰੇਡ ਚੈਨ ਸਿੰਘ ਚੈਨ, ਗੁਰਮੀਤ, ਡਾ. ਰਘਬੀਰ ਕੌਰ, ਅਮੋਲਕ ਸਿੰਘ, ਕਾਮਰੇਡ ਮੰਗਤ ਰਾਮ ਪਾਸਲਾ, ਕਾਮਰੇਡ ਗੁਰਮੀਤ ਸਿੰਘ ਢੱਡਾ ਅਤੇ ਕਾਮਰੇਡ ਕੁਲਵੰਤ ਸਿੰਘ ਸੰਧੂ ਹਾਜ਼ਰ ਸਨ ਅਤੇ ਇਨ੍ਹਾਂ ਤੋਂ ਇਲਾਵਾ ਇਸ ਮੱਤ ਨਾਲ ਟੈਲੀਫੋਨ 'ਤੇ ਸਹਿਮਤੀ ਦੇਣ ਵਾਲਿਆਂ 'ਚ ਕਮੇਟੀ ਦੇ ਮੈਂਬਰ ਬਜ਼ੁਰਗ ਆਜ਼ਾਦੀ ਘੁਲਾਟੀਏ ਅਤੇ ਸੀਨੀਅਰ ਟਰੱਸਟੀ ਕਾਮਰੇਡ ਕਰਨੈਲ ਸਿੰਘ ਫਿਲੌਰ, ਸੀਨੀਅਰ ਟਰੱਸਟੀ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ, ਸ਼੍ਰੋਮਣੀ ਪੱਤਰਕਾਰ ਅਤੇ ਸੀਨੀਅਰ ਟਰੱਸਟੀ ਕਾਮਰੇਡ ਗੁਰਬਖ਼ਸ਼ ਸਿੰਘ ਬੰਨੂਆਣਾ, ਕਾਮਰੇਡ ਜਗਜੀਤ ਸਿੰਘ ਆਨੰਦ, ਕਾਮਰੇਡ ਪ੍ਰੇਮ ਸਿੰਘ (ਡਾ.), ਦਲਬੀਰ ਕੌਰ (ਡਾ.), ਕਾਮਰੇਡ ਕੁਲਵੰਤ ਸਿੰਘ ਭੋਗਪੁਰ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਅਮਰਜੀਤ ਸਿੰਘ ਢੁੱਡੀਕੇ ਤੇ ਕੈਪਟਨ ਰਣਜੀਤ ਸਿੰਘ ਸ਼ਾਮਲ ਹਨ।

ਨਵਾਂ ਜ਼ਮਾਨਾ 5/5/07

Amar Ujala dt 5/5/07.

# इस्तीफों के पीछे कोई मतभेद नहीं

जालंधर। देश भगत यादगार हाल कमेटी के पदाधिकारियों के इस्तीफे के बाद शुक्रवार को कमेटी की बैठक हुई। बैठक में यह तय हुआ कि पदाधिकारियों से इस्तीफा वापस लेने के लिए कहा जाएगा। साथ ही यह भी कहा गया कि किसी मतभेद की वजह से पदाधिकारियों ने इस्तीफा नहीं दिया है। वीरवार को कमेटी के अध्यक्ष बाबा भगत सिंह बिलगा, महासचिव गंधर्व सेन कोछड़, मेंबर सुरिंदर कुमारी कोछड़ ने इस्तीफा दे दिया था। पदाधिकारियों के इस्तीफे पर विचार करने के लिए शुक्रवार को देश भगत यादगार हाल कमेटी के उपाध्यक्ष दरबारा सिंह ढिल्लों की अध्यक्षता में बैठक हुई। वक्ताओं ने कहा कि वैचारिक मतभेद से पदाधिकारियों ने इस्तीफा नहीं दिया है। कमेटी में कोई वैचारिक मतभेद नहीं है। बैठक में फैसला लिया गया कि जिन मेंबरों ने इस्तीफे सौंपे हैं, उन्हें उनकी जिम्मेदारियों से अलग नहीं किया जाएगा। उन्हें अपने इस्तीफे वापस लेने के लिए कहा जाएगा। मौके पर नौनिहाल सिंह, रघबीर सिंह, राजेश्वर सिंह, चैन सिंह चैन, गुरमीत, डा. रघबीर कौर, अमोलक सिंह, मंगल राम पासला, गुरमीत सिंह टड्डा, कुलवंत सिंह संधू भी शामिल थे। इस फैसले पर करनैल सिंह, जगजीत सिंह, गुरबख्श सिंह बन्नूआणा, जगजीत सिंह आनंद, प्रेम सिंह, दलबीर कौर, कुलवंत सिंह भोगपुर, पिरथीपाल सिंह, अमरजीत सिंह और रणजीत सिंह ने भी अपनी सहमति जताई है।